





ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition






Reg No: AAG1353 | Ludhiana, Wednesday 29 April, 2026 | website: www.cee7news.com


## ਓਪਰੇਸ਼ਨ ਸਿੰਦੂਰ ਨੇ ਭਾਰਤ ਦੇ ਇਸ ਦ੍ਰਿੜ ਸੰਕਲਪ ਨੂੰ ਪ੍ਰਦਰਸ਼ਿਤ ਕੀਤਾ



ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਅੱਜ ਕਿਰਗਿਸਤਾਨ ਦੇ ਬਿਸ਼ਕੇਕ ਵਿੱਚ ਸ਼ੰਘਾਈ ਸਹਿਯੋਗ ਸੰਗਠਨ (SCO) ਦੇ ਰੱਖਿਆ ਮੰਤਰੀਆਂ ਦੀ ਬੈਠਕ ਨੂੰ ਸੰਬੋਧਨ ਕਰਦੇ ਹੋਏ ਕਿਹਾ, "ਓਪਰੇਸ਼ਨ ਸਿੰਦੂਰ ਨੇ ਭਾਰਤ ਦੇ ਇਸ ਦ੍ਰਿੜ ਸੰਕਲਪ ਨੂੰ ਪ੍ਰਦਰਸ਼ਿਤ ਕੀਤਾ ਹੈ ਕਿ ਅੱਤਵਾਦ ਦੇ ਗੜ੍ਹ ਹੁਣ ਨਿਆਂਪੂਰਨ ਸਜ਼ਾ ਤੋਂ ਅਛੂਤੇ ਨਹੀਂ ਰਹਿਣਗੇ।" ਉਨ੍ਹਾਂ ਨੇ ਅੱਤਵਾਦ, ਵੱਖਵਾਦ ਅਤੇ ਕੱਟੜਵਾਦ ਦੀਆਂ "ਬੁਰਾਈਆਂ" ਨਾਲ ਨਜਿੱਠਣ ਲਈ ਇੱਕ ਸੰਯੁਕਤ ਮੋਰਚਾ ਬਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਦੇਸ਼ ਦੀ ਪ੍ਰਭੂਸੱਤਾ 'ਤੇ ਹਮਲਾ ਕਰਨ ਵਾਲੇ ਰਾਜ-ਪ੍ਰਾਯੋਜਿਤ ਸਰਹੱਦ ਪਾਰ ਅੱਤਵਾਦ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ, ਕਿਉਂਕਿ ਦੋਹਰੇ ਮਾਪਦੰਡਾਂ ਲਈ ਕੋਈ ਥਾਂ ਨਹੀਂ ਹੈ।ਰੱਖਿਆ ਮੰਤਰੀ ਨੇ ਜ਼ੋਰ ਦਿੱਤਾ ਕਿ ਅੱਤਵਾਦੀਆਂ ਨੂੰ ਉਕਸਾਉਣ ਅਤੇ ਪਨਾਹ ਦੇਣ ਵਾਲਿਆਂ ਵਿਰੁੱਧ ਕਾਰਵਾਈ ਕਰਨ ਵਿੱਚ ਸੰਗਠਨ ਨੂੰ ਦੇਰੀ ਨਹੀਂ ਕਰਨੀ ਚਾਹੀਦੀ। ਉਨ੍ਹਾਂ ਕਿਹਾ ਕਿ ਅੱਤਵਾਦ ਅਤੇ ਕੱਟੜਵਾਦ ਨਾਲ ਬਿਨਾਂ ਕਿਸੇ ਭੇਦਭਾਵ ਦੇ ਨਜਿੱਠ ਕੇ ਹੀ ਅਸੀਂ ਖੇਤਰੀ ਸੁਰੱਖਿਆ ਨੂੰ ਸ਼ਾਂਤੀ ਅਤੇ ਖੁਸ਼ਹਾਲੀ ਦੀ ਨੀਂਹ ਵਿੱਚ ਬਦਲ ਸਕਦੇ ਹਾਂ।ਸ਼੍ਰੀ ਰਾਜਨਾਥ ਸਿੰਘ ਨੇ ਪਿਛਲੇ ਸਾਲ ਦੇ 'ਤਿਆਂਜਿਨ ਐਲਾਨਨਾਮੇ' ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਭਾਰਤ ਅੱਤਵਾਦ ਪ੍ਰਤੀ 'ਜ਼ੀਰੋ ਟੋਲਰੈਂਸ' (ਸਹਿਣ ਨਾ ਕਰਨ) ਦੀ ਨੀਤੀ ਰੱਖਦਾ ਹੈ। ਉਨ੍ਹਾਂ ਕਿਹਾ, "ਸਮੂਹਿਕ ਭਰੋਸੇਯੋਗਤਾ ਦੀ ਅਸਲ ਪਰਖ ਨਿਰੰਤਰਤਾ ਵਿੱਚ ਹੈ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਅੱਤਵਾਦ ਦਾ ਕੋਈ ਧਰਮ ਜਾਂ ਦੇਸ਼ ਨਹੀਂ ਹੁੰਦਾ।"

## ਰੁਸਤਮ- ਏ- ਹਿੰਦ ਜਸਕੰਵਰ ਸਿੰਘ ਪੱਟੀ 'ਆਪ' 'ਚ ਹੋਏ ਸ਼ਾਮਲ



ਕੁਸ਼ਤੀ ਜਗਤ 'ਚ 'ਜੱਸਾ ਪੱਟੀ' ਦੇ ਨਾਮ ਨਾਲ ਮਸ਼ਹੂਰ ਰੁਸਤਮ- ਏ- ਹਿੰਦ ਜਸਕੰਵਰ ਸਿੰਘ ਪੱਟੀ ਆਪਣੇ ਸਾਥੀਆਂ ਸਮੇਤ ਅੱਜ ਆਮ ਆਦਮੀ ਪਾਰਟੀ ਵਿਚ ਹੋਏ ਸ਼ਾਮਲ ਗਏ। ਪਾਰਟੀ ਵਿਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਪਾਰਟੀ ਵਿੱਚ ਸਵਾਗਤ ਕਰਦਿਆਂ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਜੱਸਾ ਪੱਟੀ ਨੇ ਪੰਜਾਬ ਦਾ ਨਾਮ ਵਿਸ਼ਵ ਪੱਧਰ 'ਤੇ ਉੱਚਾ ਕੀਤਾ ਹੈ ਅਤੇ ਭਵਿੱਖ ਵਿੱਚ ਵੀ ਆਸ ਕਰਦੇ ਹਾਂ ਕਿ ਉਹ ਤਨਦੇਹੀ ਨਾਲ ਦੇਸ਼ ਅਤੇ ਸਮਾਜ ਦੀ ਸੇਵਾ ਕਰਦੇ ਰਹਿਣਗੇ।ਪੰਜਾਬ ਦੇ ਸਰਹੱਦੀ ਜ਼ਿਲ੍ਹੇ ਤਰਨਤਾਰਨ 'ਚ ਜਨਮੇ ਜਸਕੰਵਰ ਸਿੰਘ 'ਜੱਸਾ ਪੱਟੀ' ਮੀਡੀਆ ਵਿੱਚ ਆਉਣ ਤੋਂ ਬਾਅਦ ਪਹਿਲਾਂ ਨਾਲੋਂ ਵੀ ਵੱਧ ਰੁੱਝ ਗਏ ਹਨ । ਜੱਸਾ ਪੱਟੀ ਜਿੱਥੇ ਵੀ ਕੁਸ਼ਤੀ ਲਈ ਜਾਂਦੇ ਹਨ ਉੱਥੇ ਉਨ੍ਹਾਂ ਦਾ ਹਾਰ ਪਾ ਕੇ ਸਵਾਗਤ ਕੀਤਾ ਜਾ ਰਿਹਾ ਹੈ। ਹਰ ਉਮਰ ਵਰਗ ਦੇ ਲੋਕ ਆਪਣੇ 'ਹੀਰੋ' ਦੇ ਨਾਲ ਸੈਲਫੀ ਲੈਣ ਦੀ ਇੱਛਾ ਜਤਾਉਂਦੇ ਹਨ। ਜੱਸਾ ਪੱਟੀ ਨੇ ਪਹਿਲੀ ਵਾਰ 2009 'ਚ ਛਿੰਝ 'ਚ ਕੁਸ਼ਤੀ ਘੁਲਿਆ ਸੀ ਤੇ ਉਦੋਂ ਉਨ੍ਹਾਂ ਉਮਰ 13 ਸਾਲ ਸੀ। ਆਪਣੇ ਕੁਸ਼ਤੀ ਕੈਰੀਅਰ ਦੌਰਾਨ ਉਨ੍ਹਾਂ ਬਹੁਤ ਦੌਲਤ ਤੇ ਸ਼ੋਹਰਤ ਹਾਸਲ ਕੀਤੀ। ਜੱਸਾ ਪੱਟੀ ਰਵਾਇਤੀ ਮਿੱਟੀ ਦੀ ਕੁਸ਼ਤੀ (ਦੰਗਲ) ਸਰਕਟ ਵਿੱਚ ਇੱਕ ਵਰਤਾਰਾ ਸੀ, ਜਿਸਨੂੰ "ਮਿੱਟੀ ਦਾ ਸ਼ੇਰ" ਅਤੇ "ਮਿੱਟੀ ਦੀ ਕੁਸ਼ਤੀ ਦਾ ਵਿਰਾਟ ਕੋਹਲੀ" ਉਪਨਾਮ ਮਿਲੇ । ਜੱਸਾ ਪੱਟੀ 1,500 ਤੋਂ ਵੱਧ ਦੰਗਲ ਖੇਡੇ ਹਨ।ਜੱਸਾ ਪੱਟੀ ਉਸ ਵੇਲੇ ਸੁਰਖੀਆਂ ਵਿੱਚ ਆਏ ਜਦੋਂ ਉਨ੍ਹਾਂ ਨੇ ਤੁਰਕੀ ਵਿੱਚ ਵਿਸ਼ਵ ਕੁਸ਼ਤੀ ਚੈਂਪੀਅਨਸ਼ਿਪ ਦੌਰਾਨ ਪਹਿਲੇ ਹੀ ਮੁਕਾਬਲੇ ਵਿੱਚ ਸਿਰ ਤੋਂ ਪਟਕਾ ਲਾਹ ਕੇ ਖੇਡਣ ਤੋਂ ਇਨਕਾਰ ਕਰ ਦਿੱਤਾ। ਜੱਸਾ ਮੁਤਾਬਕ, "28 ਜੁਲਾਈ ਨੂੰ ਯੂਕਰੇਨ ਦੇ ਪਹਿਲਵਾਨ ਖ਼ਿਲਾਫ਼ ਮੁਕਾਬਲੇ ਲਈ ਜਦੋਂ ਮੈਂ ਮੈਦਾਨ ਵਿੱਚ ਉਤਰਿਆ ਤਾਂ ਪ੍ਰਬੰਧਕਾਂ ਨੇ ਕਿਹਾ ਕਿ ਮੈਚ ਖੇਡਣ ਲਈ ਉਨ੍ਹਾਂ ਨੂੰ ਪਟਕਾ ਲਾਹੁਣਾ ਪਵੇਗਾ। ਜਿਸ ਤੋਂ ਮੈਂ ਨਾਂਹ ਕਰ ਦਿੱਤੀ ਅਤੇ ਇਹ ਫ਼ੈਸਲਾ ਲੈਣ ਲਈ ਮੈਨੂੰ ਸਿਰਫ਼ ਇੱਕ ਸੈਕਿੰਡ ਲੱਗਿਆ।

## Cee7News ਹਵਾਈ ਜਹਾਜ਼ ਦੇ ਤੇਲ ਦੀ ਮਾਰ ਅਤੇ ਏਅਰਲਾਈਨਾਂ ਲਈ ਹੁਣ ਸੰਚਾਲਨ ਕਰਨਾ ਹੋਇਆ ਬੇਹੱਦ ਚੁਣੌਤੀਪੂਰਨ

### ਭਾਰਤੀ ਹਵਾਬਾਜ਼ੀ ਖੇਤਰ ਇਸ ਸਮੇਂ ਇੱਕ ਗੰਭੀਰ ਵਿੱਤੀ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ

ਭਾਰਤ ਵਿੱਚ ਹਵਾਈ ਜਹਾਜ਼ ਦੇ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ ਦੇਖਿਆ ਗਿਆ ਹੈ। ਰਿਪੋਰਟ ਮੁਤਾਬਕ, ਅੰਤਰਰਾਸ਼ਟਰੀ ਪੱਧਰ 'ਤੇ ਤੇਲ ਦੀਆਂ ਕੀਮਤਾਂ ਵਿੱਚ ਪ੍ਰਤੀ ਲਿਟਰ 73 ਰੁਪਏ ਦਾ ਵਾਧਾ ਹੋਇਆ ਹੈ, ਜਦੋਂ ਕਿ ਘਰੇਲੂ ਪੱਧਰ 'ਤੇ ਇਹ ਵਾਧਾ 15 ਰੁਪਏ ਤੱਕ ਸੀਮਤ ਰੱਖਿਆ ਗਿਆ ਸੀ। ਇਸ ਅੰਤਰ ਨੇ ਏਅਰਲਾਈਨਾਂ ਦੇ ਬਜਟ ਨੂੰ ਪੂਰੀ ਤਰ੍ਹਾਂ ਵਿਗਾੜ ਦਿੱਤਾ ਹੈ। ਪੱਛਮੀ ਏਸ਼ੀਆ ਵਿੱਚ ਚੱਲ ਰਹੇ ਭੂ-ਰਾਜਨੀਤਿਕ ਤਣਾਅ ਕਾਰਨ ਕੱਚੇ ਤੇਲ (Brent Crude) ਦੀਆਂ ਕੀਮਤਾਂ 72 ਡਾਲਰ ਤੋਂ ਵਧ ਕੇ 118 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਈਆਂ ਹਨ।

ਕਿਸੇ ਵੀ ਏਅਰਲਾਈਨ ਦੇ ਕੁੱਲ ਖਰਚੇ ਵਿੱਚ ਤੇਲ ਦਾ ਹਿੱਸਾ ਸਭ ਤੋਂ ਵੱਡਾ ਹੁੰਦਾ ਹੈ। ਪਹਿਲਾਂ ਇਹ ਖਰਚਾ ਕੁੱਲ ਲਾਗਤ ਦਾ 30-40 ਫੀਸਦੀ ਹੁੰਦਾ ਸੀ, ਪਰ ਹੁਣ ਇਹ ਵਧ ਕੇ 55-60 ਫੀਸਦੀ ਤੱਕ ਪਹੁੰਚ ਗਿਆ ਹੈ। ਇਸ ਦਾ ਮਤਲਬ ਹੈ ਕਿ ਏਅਰਲਾਈਨਾਂ ਆਪਣੀ ਕਮਾਈ ਦਾ ਅੱਧੇ ਤੋਂ ਵੱਧ ਹਿੱਸਾ ਸਿਰਫ਼ ਤੇਲ ਖਰੀਦਣ 'ਤੇ ਖਰਚ ਕਰ ਰਹੀਆਂ ਹਨ। ਇਸ ਦੇ ਨਾਲ ਹੀ ਭਾਰਤੀ ਰੁਪਏ ਦੀ ਕੀਮਤ ਵਿੱਚ ਆਈ ਗਿਰਾਵਟ ਨੇ ਵਿਦੇਸ਼ੀ ਭੁਗਤਾਨਾਂ ਨੂੰ ਹੋਰ ਮਹਿੰਗਾ ਕਰ ਦਿੱਤਾ ਹੈ।

ਏਅਰ ਇੰਡੀਆ, ਇੰਡੀਗੋ ਅਤੇ ਸਪਾਈਸ ਜੈੱਟ ਵਰਗੀਆਂ ਵੱਡੀਆਂ ਕੰਪਨੀਆਂ ਦੀ ਨੁਮਾਇੰਦਗੀ ਕਰਨ ਵਾਲੀ ਸੰਸਥਾ 'ਫੈਡਰੇਸ਼ਨ ਆਫ ਇੰਡੀਅਨ ਏਅਰਲਾਈਨਜ਼' ਨੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੂੰ ਇੱਕ ਸਖ਼ਤ ਪੱਤਰ ਲਿਖਿਆ ਹੈ। ਉਨ੍ਹਾਂ ਚੇਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਨੇ ਤੁਰੰਤ ਦਖਲ ਨਾ ਦਿੱਤਾ, ਤਾਂ ਕਈ ਏਅਰਲਾਈਨਾਂ ਆਪਣਾ ਕੰਮਕਾਜ ਬੰਦ ਕਰਨ ਲਈ ਮਜਬੂਰ ਹੋ ਸਕਦੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਮੌਜੂਦਾ ਵਿੱਤੀ ਹਾਲਤਾਂ ਵਿੱਚ ਉਡਾਣਾਂ ਜਾਰੀ ਰੱਖਣਾ ਘਾਟੇ ਦਾ ਸੌਦਾ ਬਣ ਗਿਆ ਹੈ।ਏਅਰਲਾਈਨਾਂ ਦੀਆਂ ਮੁੱਖ ਮੰਗਾਂ ਸੰਕਟ ਨਾਲ ਨਜਿੱਠਣ ਲਈ FIA ਨੇ ਸਰਕਾਰ ਅੱਗੇ ਕੁਝ ਅਹਿਮ ਮੰਗਾਂ ਰੱਖੀਆਂ ਹਨ:ਕਰੈਕ ਬੈਂਡ (Crack Band) ਪ੍ਰਣਾਲੀ: ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਤੇਲ ਦੀਆਂ ਕੀਮਤਾਂ ਨੂੰ ਸਥਿਰ ਰੱਖਣ ਲਈ ਕੋਵਿਡ ਸਮੇਂ ਵਾਲੀ ਪੁਰਾਣੀ ਪ੍ਰਣਾਲੀ ਦੁਬਾਰਾ ਲਾਗੂ ਕੀਤੀ ਜਾਵੇ। ਹਵਾਈ ਤੇਲ 'ਤੇ ਲੱਗਣ ਵਾਲੀ 11 ਫੀਸਦੀ ਐਕਸਾਈਜ਼ ਡਿਊਟੀ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰਨ ਦੀ ਅਪੀਲ ਕੀਤੀ ਗਈ ਹੈ।



ਦੀਆਂ ਕੀਮਤਾਂ ਵਿਚਾਲੇ ਪੈਦਾ ਹੋਏ ਵੱਡੇ ਪਾੜੇ ਨੂੰ ਖਤਮ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਹੈ। ਸਿੱਟਾ ਭਾਰਤੀ ਹਵਾਬਾਜ਼ੀ ਉਦਯੋਗ ਇਸ ਸਮੇਂ ਬਹੁਤ ਹੀ ਨਾਜ਼ੁਕ ਮੋੜ 'ਤੇ ਹੈ। ਜੇਕਰ ਤੇਲ ਦੀਆਂ ਕੀਮਤਾਂ ਵਿੱਚ ਜਲਦੀ ਰਾਹਤ ਨਾ ਮਿਲੀ, ਤਾਂ ਨਾ ਸਿਰਫ਼ ਏਅਰਲਾਈਨਾਂ ਨੂੰ ਵਿੱਤੀ ਨੁਕਸਾਨ ਹੋਵੇਗਾ, ਸਗੋਂ ਇਸ ਦਾ ਸਿੱਧਾ ਅਸਰ ਆਮ ਯਾਤਰੀਆਂ 'ਤੇ ਵੀ ਪਵੇਗਾ ਕਿਉਂਕਿ ਹਵਾਈ ਟਿਕਟਾਂ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋ ਸਕਦਾ ਹੈ। ਸਰਕਾਰ ਦਾ ਦਖਲ ਹੁਣ ਇਸ ਖੇਤਰ ਨੂੰ ਡੁੱਬਣ ਤੋਂ ਬਚਾਉਣ ਲਈ ਜ਼ਰੂਰੀ ਹੋ ਗਿਆ ਹੈ।



ਚੋਣਾਂ ਖਤਮ ਹੁੰਦੇ ਹੀ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ

## ਵਿਧਾਨ ਸਭਾ ਚੋਣਾਂ ਤੋਂ ਬਾਅਦ ਪੈਟਰੋਲ-ਡੀਜ਼ਲ ਦੀਆਂ ਕੀਮਤਾਂ

ਹਾਲ ਹੀ ਵਿੱਚ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਆਮ ਜਨਤਾ ਵਿੱਚ ਇਹ ਚਰਚਾ ਅਤੇ ਚਿੰਤਾ ਬਣੀ ਹੋਈ ਸੀ ਕਿ ਚੋਣਾਂ ਖਤਮ ਹੁੰਦੇ ਹੀ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਕੀਤਾ ਜਾ ਸਕਦਾ ਹੈ। ਇਸ ਸਬੰਧੀ ਫੈਲ ਰਹੀਆਂ ਅਫਵਾਹਾਂ ਅਤੇ ਅਟਕਲਾਂ 'ਤੇ ਵਿਰਾਮ ਲਗਾਉਂਦੇ ਹੋਏ ਕੇਂਦਰ ਸਰਕਾਰ ਦੇ ਇੱਕ ਸੀਨੀਅਰ ਅਧਿਕਾਰੀ ਨੇ ਸਪੱਸ਼ਟ ਕੀਤਾ ਹੈ ਕਿ ਸਰਕਾਰ ਦੀ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਧਾਉਣ ਦੀ ਫਿਲਹਾਲ ਕੋਈ ਯੋਜਨਾ ਨਹੀਂ ਹੈ।

ਮੁੱਖ ਬਿੰਦੂ ਅਤੇ ਅਧਿਕਾਰਤ ਬਿਆਨ

ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਦੀ ਸੰਯੁਕਤ ਸਕੱਤਰ ਸੁਜਾਤਾ ਸ਼ਰਮਾ ਨੇ ਇੱਕ ਨਿਊਜ਼ ਬ੍ਰੀਫਿੰਗ ਦੌਰਾਨ ਇਹ ਅਹਿਮ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਸਾਫ਼ ਸ਼ਬਦਾਂ ਵਿੱਚ ਕਿਹਾ ਕਿ 29 ਅਪਰੈਲ ਨੂੰ ਪੱਛਮੀ ਬੰਗਾਲ ਵਿੱਚ ਵੋਟਿੰਗ ਪ੍ਰਕਿਰਿਆ ਮੁਕੰਮਲ ਹੋਣ ਤੋਂ ਬਾਅਦ ਤੇਲ ਦੀਆਂ ਕੀਮਤਾਂ ਵਧਾਉਣ ਦਾ ਕੋਈ ਪ੍ਰਸਤਾਵ ਵਿਚਾਰ ਅਧੀਨ ਨਹੀਂ ਹੈ। ਸਰਕਾਰ ਦਾ ਇਹ ਬਿਆਨ ਉਨ੍ਹਾਂ ਖ਼ਦਸ਼ਿਆਂ ਨੂੰ ਦੂਰ ਕਰਨ ਲਈ ਆਇਆ ਹੈ ਜੋ ਸਿਆਸੀ ਹਲਕਿਆਂ ਅਤੇ ਜਨਤਾ ਵਿੱਚ ਲਗਾਤਾਰ ਚਰਚਾ ਦਾ ਵਿਸ਼ਾ ਬਣੇ ਹੋਏ ਸਨ।ਕੌਮਾਂਤਰੀ ਬਾਜ਼ਾਰ ਅਤੇ ਤੇਲ ਕੰਪਨੀਆਂ ਦੀ ਸਥਿਤੀ

ਇਹ ਸਪੱਸ਼ਟੀਕਰਨ ਉਸ ਸਮੇਂ ਆਇਆ ਹੈ ਜਦੋਂ ਕੌਮਾਂਤਰੀ ਪੱਧਰ 'ਤੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਕਾਫੀ ਉਤਾਰ-ਚੜ੍ਹਾਅ ਦੇਖਣ ਨੂੰ ਮਿਲ ਰਿਹਾ ਹੈ। ਪੱਛਮੀ ਏਸ਼ੀਆ ਵਿੱਚ ਚੱਲ ਰਹੇ ਤਣਾਅ ਅਤੇ ਟਕਰਾਅ ਕਾਰਨ ਪਿਛਲੇ ਦੋ ਮਹੀਨਿਆਂ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਲਗਭਗ 50 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਭਾਵੇਂ ਕਿ ਕੌਮਾਂਤਰੀ ਬਾਜ਼ਾਰ ਵਿੱਚ ਤੇਲ ਮਹਿੰਗਾ ਹੋਇਆ ਹੈ, ਪਰ ਭਾਰਤ ਵਿੱਚ ਪਿਛਲੇ ਲੰਬੇ ਸਮੇਂ ਤੋਂ ਪੈਟਰੋਲ ਅਤੇ ਡੀਜ਼ਲ ਦੀਆਂ ਪ੍ਰਚੂਨ ਕੀਮਤਾਂ ਸਥਿਰ ਬਣੀਆਂ ਹੋਈਆਂ ਹਨ। ਰਿਪੋਰਟਾਂ ਅਨੁਸਾਰ, ਲਾਗਤ ਅਤੇ ਵਿਕਰੀ ਕੀਮਤ ਵਿੱਚ ਪਾੜਾ ਵਧਣ ਕਾਰਨ ਸਰਕਾਰੀ ਤੇਲ ਕੰਪਨੀਆਂ ਨੂੰ ਭਾਰੀ ਵਿੱਤੀ ਨੁਕਸਾਨ ਝੱਲਣਾ ਪੈ ਰਿਹਾ ਹੈ। ਕੁਝ ਅੰਦਾਜ਼ਿਆਂ ਮੁਤਾਬਕ ਇਹ ਨੁਕਸਾਨ ਰੋਜ਼ਾਨਾ ਲਗਭਗ 2,400 ਕਰੋੜ ਰੁਪਏ ਤੱਕ ਪਹੁੰਚ ਗਿਆ ਹੈ। ਇਹੀ ਮੁੱਖ ਕਾਰਨ ਸੀ ਕਿ ਲੋਕਾਂ ਨੂੰ ਲੱਗ ਰਿਹਾ ਸੀ ਕਿ ਚੋਣਾਂ ਤੋਂ ਬਾਅਦ ਕੰਪਨੀਆਂ ਆਪਣਾ ਘਾਟਾ ਪੂਰਾ ਕਰਨ ਲਈ ਕੀਮਤਾਂ ਵਧਾਉਣਗੀਆਂ। ਇਹ ਸਪੱਸ਼ਟੀਕਰਨ ਉਸ ਸਮੇਂ ਆਇਆ ਹੈ ਜਦੋਂ ਕੌਮਾਂਤਰੀ ਪੱਧਰ 'ਤੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਕਾਫੀ ਉਤਾਰ-ਚੜ੍ਹਾਅ ਦੇਖਣ ਨੂੰ ਮਿਲ ਰਿਹਾ ਹੈ। ਪੱਛਮੀ ਏਸ਼ੀਆ ਵਿੱਚ ਚੱਲ ਰਹੇ ਤਣਾਅ ਅਤੇ ਟਕਰਾਅ ਕਾਰਨ ਪਿਛਲੇ ਦੋ ਮਹੀਨਿਆਂ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਲਗਭਗ 50 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ।

ਭਾਵੇਂ ਕਿ ਕੌਮਾਂਤਰੀ ਬਾਜ਼ਾਰ ਵਿੱਚ ਤੇਲ ਮਹਿੰਗਾ ਹੋਇਆ ਹੈ, ਪਰ ਭਾਰਤ ਵਿੱਚ ਪਿਛਲੇ ਲੰਬੇ ਸਮੇਂ ਤੋਂ ਪੈਟਰੋਲ ਅਤੇ ਡੀਜ਼ਲ ਦੀਆਂ ਪ੍ਰਚੂਨ ਕੀਮਤਾਂ ਸਥਿਰ ਬਣੀਆਂ ਹੋਈਆਂ ਹਨ। ਰਿਪੋਰਟਾਂ ਅਨੁਸਾਰ, ਲਾਗਤ ਅਤੇ ਵਿਕਰੀ ਕੀਮਤ ਵਿੱਚ ਪਾੜਾ ਵਧਣ ਕਾਰਨ ਸਰਕਾਰੀ ਤੇਲ ਕੰਪਨੀਆਂ ਨੂੰ ਭਾਰੀ ਵਿੱਤੀ ਨੁਕਸਾਨ ਝੱਲਣਾ ਪੈ ਰਿਹਾ ਹੈ। ਕੁਝ ਅੰਦਾਜ਼ਿਆਂ ਮੁਤਾਬਕ ਇਹ ਨੁਕਸਾਨ ਰੋਜ਼ਾਨਾ ਲਗਭਗ 2,400 ਕਰੋੜ ਰੁਪਏ ਤੱਕ ਪਹੁੰਚ ਗਿਆ ਹੈ। ਇਹੀ ਮੁੱਖ ਕਾਰਨ ਸੀ ਕਿ ਲੋਕਾਂ ਨੂੰ ਲੱਗ ਰਿਹਾ ਸੀ ਕਿ ਚੋਣਾਂ ਤੋਂ ਬਾਅਦ ਕੰਪਨੀਆਂ ਆਪਣਾ ਘਾਟਾ ਪੂਰਾ ਕਰਨ ਲਈ ਕੀਮਤਾਂ ਵਧਾਉਣਗੀਆਂ।ਅਫਵਾਹਾਂ ਦਾ ਅਸਰ ਅਤੇ ਪੈਨਿਕ ਬਾਇੰਗ (ਘਬਰਾਹਟ ਵਿੱਚ ਖਰੀਦਦਾਰੀ)

ਕੀਮਤਾਂ ਵਧਣ ਦੀਆਂ ਅਫਵਾਹਾਂ ਦਾ ਅਸਰ ਦੇਸ਼ ਦੇ ਕਈ ਹਿੱਸਿਆਂ ਵਿੱਚ ਦੇਖਣ ਨੂੰ ਮਿਲਿਆ। ਖਾਸ ਕਰਕੇ ਆਂਧਰਾ ਪ੍ਰਦੇਸ਼ ਵਰਗੇ ਰਾਜਾਂ ਵਿੱਚ ਲੋਕਾਂ ਨੇ ਘਬਰਾਹਟ ਵਿੱਚ ਆ ਕੇ ਵੱਡੀ ਮਾਤਰਾ ਵਿੱਚ ਤੇਲ ਖਰੀਦਣਾ ਸ਼ੁਰੂ ਕਰ ਦਿੱਤਾ, ਜਿਸ ਨੂੰ ਪੈਨਿਕ ਬਾਇੰਗ' ਕਿਹਾ ਜਾਂਦਾ ਹੈ।

ਕਈ ਸ਼ਹਿਰਾਂ ਵਿੱਚ ਤੇਲ ਦੀ ਅਚਾਨਕ ਮੰਗ ਵਧਣ ਕਾਰਨ ਪੈਟਰੋਲ ਪੰਪਾਂ 'ਤੇ ਲੰਬੀਆਂ ਕਤਾਰਾਂ ਲੱਗ ਗਈਆਂ।

ਕੁਝ ਇਲਾਕਿਆਂ ਵਿੱਚ 400 ਤੋਂ ਵੱਧ ਪੈਟਰੋਲ ਪੰਪਾਂ ਦਾ ਸਟਾਕ ਖਤਮ ਹੋ ਗਿਆ।ਮੰਤਰਾਲੇ ਅਨੁਸਾਰ ਕੁਝ ਆਊਟਲੇਟਾਂ 'ਤੇ ਮੰਗ ਵਿੱਚ 30 ਤੋਂ 33 ਫੀਸਦੀ ਤੱਕ ਦਾ ਅਚਾਨਕ ਉਛਾਲ ਦੇਖਿਆ ਗਿਆ।ਸਪਲਾਈ ਅਤੇ ਸਟਾਕ ਦੀ ਸਥਿਤੀਸਰਕਾਰ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਫਵਾਹਾਂ 'ਤੇ ਵਿਸ਼ਵਾਸ ਨਾ ਕਰਨ। ਅਧਿਕਾਰੀਆਂ ਨੇ ਭਰੋਸਾ ਦਿੱਤਾ ਹੈ ਕਿ ਦੇਸ਼ ਵਿੱਚ ਪੈਟਰੋਲ, ਡੀਜ਼ਲ, ਰਸੋਈ ਗੈਸ (LPG) ਅਤੇ ਹਵਾਈ ਜਹਾਜ਼ ਦੇ ਤੇਲ (ATF) ਦਾ ਲੋੜੀਂਦਾ ਸਟਾਕ ਮੌਜੂਦ ਹੈ। ਸਰਕਾਰ ਲਗਾਤਾਰ ਰਾਜ ਸਰਕਾਰਾਂ ਦੇ ਸੰਪਰਕ ਵਿੱਚ ਹੈ ਅਤੇ ਰਿਟੇਲ ਆਊਟਲੇਟਾਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ ਤਾਂ ਜੋ ਸਪਲਾਈ ਵਿੱਚ ਕੋਈ ਵਿਘਨ ਨਾ ਆਵੇ।

ਵਿਰੋਧੀ ਧਿਰਾਂ ਵੱਲੋਂ ਲਗਾਤਾਰ ਇਹ ਦੋਸ਼ ਲਗਾਏ ਜਾ ਰਹੇ ਸਨ ਕਿ ਚੋਣਾਂ ਦੇ ਮੱਦੇਨਜ਼ਰ ਤੇਲ ਦੀਆਂ ਕੀਮਤਾਂ ਨੂੰ ਜਾਣਬੁੱਝ ਕੇ ਸਥਿਰ ਰੱਖਿਆ ਗਿਆ ਹੈ। ਪਰ ਸਰਕਾਰ ਨੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਹੈ। ਅਧਿਕਾਰੀਆਂ ਨੇ ਭਰੋਸਾ ਦਿੱਤਾ ਹੈ ਕਿ ਚੋਣਾਂ ਤੋਂ ਬਾਅਦ ਵੀ ਤੇਲ ਦੀਆਂ ਕੀਮਤਾਂ ਵਿੱਚ ਸਥਿਰਤਾ ਬਣੀ ਰਹੇਗੀ। ਇਸ ਫੈਸਲੇ ਨਾਲ ਟ੍ਰਾਂਸਪੋਰਟੇਸ਼ਨ ਅਤੇ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਦੀਆਂ ਕੀਮਤਾਂ ਨੂੰ ਵੀ ਕਾਬੂ ਵਿੱਚ ਰੱਖਣ ਵਿੱਚ ਮਦਦ ਮਿਲੇਗੀ, ਜਿਸ ਨਾਲ ਆਮ ਜਨਤਾ ਨੂੰ ਵੱਡੀ ਰਾਹਤ ਮਿਲੇਗੀ।

## ਕੱਲ੍ਹ ਕਿਤੇ ਅਸੀਂ ਤਿੰਨ ਚਾਰ ਜਣੇ ਖੜ੍ਹੇ ਸੀ। ਇੱਕ ਬੰਦੇ ਨੇ ਆਵਦੇ ਨਿਆਣੇ ਨੂੰ ਵਰਜਿਆ,"ਬੇਟਾ ਨੇ ਦੌੜਨਾ ਨਹੀਂ, ਪਸੀਨਾ ਆਜੂਗਾ।"



ਕੱਲ੍ਹ ਕਿਤੇ ਅਸੀਂ ਤਿੰਨ ਚਾਰ ਜਣੇ ਖੜ੍ਹੇ ਸੀ। ਇੱਕ ਬੰਦੇ ਨੇ ਆਵਦੇ ਨਿਆਣੇ ਨੂੰ ਵਰਜਿਆ," ਬੇਟਾ ਨੇ ਦੌੜਨਾ ਨਹੀਂ, ਪਸੀਨਾ ਆਜੂਗਾ।"

ਪੰਜਾਬੀ ਦੇ ਬਹੁਤ ਪਿਆਰੇ ਸ਼ਬਦ ਨੇ। ਪਸੀਨੇ ਦੀ ਥਾਂ ਮੁੜ੍ਹਕਾ। ਬੇਟੇ ਦੀ ਥਾਂ ਤੇ ਪੁੱਤ ਧੀ ਹੈਗਾ। ਜਦੋਂ ਚਾਰ ਜਣੇ ਖੜ੍ਹੇ ਹੋਣ ਤਾਂ ਸਾਡੇ ਲੋਕ ਬਹੁਤ ਸਲੀਕੇਬੱਧ ਜੇ ਹੋ ਜਾਂਦੇ ਆ। ਓਹਨ੍ਹਾਂ ਨੂੰ ਲੱਗਦਾ ਜੇ ਅਸੀਂ ਪੰਜਾਬੀ ਬੋਲਾਂਗੇ ਤਾਂ ਅਨਪੜ੍ਹ ਵੱਜਾਂਗੇ। ਕਿੱਡੀ ਸ਼ਰਮ ਦੀ ਗੱਲ ਆ ਜਰ।

"ਚਲੋ ਬੇਟਾ ਪੋਟੀ ਕਰਲੋ, ਚਲੋ ਬੇਟਾ ਹੈਂਡ ਵਾਸ਼ ਕਰਲੋ"।

"ਔਅਅ ਦੱਸੋ ਕੀ ਚਾਹੀਦਾ ਮੇਰੇ ਬੇਬੀ ਨੂੰ" "ਚਲੋ ਨੋਜ਼ੀ ਸਾਫ ਕਰਲੋ"। "ਚਲੋ ਫਟਾ ਫਟ ਖਾਣਾ ਫਿਨਿਸ਼ ਕਰਦੋ"।

ਇਹ ਵਰਤਾਰਾ ਆਮ ਪੈਂਡੂ ਟੱਬਰਾਂ 'ਚ ਵੇਖਣ ਨੂੰ ਵੱਧ ਮਿਲਦਾ ਹੁਣ।

ਬਦਲਾਓ ਸਮੇਂ ਨਾਲ ਆਓਣਾ ਈ ਆਓਣਾ, ਤੇਰੇ ਮੇਰੇ ਲੱਤਾਂ ਅੜਾਉਣ ਨਾਲ ਨਹੀਂ ਰੁਕਦਾ।

ਪਰ ਘੱਟੋ ਘੱਟ ਆਵਦੀ ਬੋਲੀ ਬੋਲਣ ਤੋਂ ਤਾਂ ਨਾ ਝਿਪੀਏ।

ਸਰਕਾਰੀ ਸਕੂਲਾਂ ਦੇ ਮਾਸਟਰ ਭੈਣਜੀਆਂ ਤੋਂ ਮਹਿਕਮਾ ਕਲਰਕੀ ਦਾ ਕੰਮ ਲੈਂਦਾ ਫਿਰਦਾ। ਓਹਨ੍ਹਾਂ ਕੋਲ ਪੜ੍ਹਨ ਪੜ੍ਹਾਓਣ ਦਾ ਸਮਾਂ ਘੱਟ ਬਚਦਾ।

ਜਾਂ ਸਾਡੇ ਸੋ ਕਾਲਡ "ਸਟੈਂਟਡਡ" ਕਰਕੇ ਜਵਾਕ ਮਹਿੰਗੇ ਸਕੂਲਾਂ 'ਚ ਪਾਏ ਨੇ। ਪੰਜਾਬੀ ਬੋਲੀ ਵੱਲ ਉਲਾਰੂ ਮਾਪੇ ਆਪ ਨਿਆਣਿਆਂ ਨੂੰ ਓੜਾ ਆੜਾ ਪੜ੍ਹਾਓਂਦੇ ਨੇ।

ਜਵਾਕਾਂ ਨੂੰ ਦਿਨੋ ਦਿਨ ਸੋਹਲ ਬਣਾਇਆ ਜਾ ਰਿਹਾ। "ਤੂੰ ਬੇਟਾ ਆਹ ਨਹੀਂ ਕਰਨਾ, ਮੰਮਾ ਚਾਂਟਾਂ ਮਾਰਨਗੇ" । "ਜੰਪ ਨਾ ਕਰੋ , ਚੋਟ ਲੱਗਜੂ" । ਜਵਾਕ ਨੂੰ ਵਰਜਣਾ ਜ਼ਰੂਰੀ ਆ, ਪਰ ਜਵਾਕ ਦੁਆਲੇ ਕੰਧ ਉਸਾਰ ਦੇਣੀ ਬਹੁਤ ਮਾੜੀ ਆ।

ਹੋਰ ਰਿਵਾਜ ਵੀ ਚੱਲਿਆ ਹੁਣ,"ਓਹ ਦੇਖੋ ਚਾਚੂ ਆਗੇ, ਭੂਈ ਕਿੱਥੇ ਆ?"। ਜਾਂ ਸਕੇ ਤਾਏ ਤਾਈਆਂ ਨੂੰ "ਵੱਡਾ ਪਾਪਾ" "ਵੱਡੀ ਮੰਮਾ" । ਚੰਗੇ ਭਲੇ ਸਾਕਾਂ ਦਾ ਜਲੂਸ ਕੱਢਤਾ।

ਇੱਕ ਆਹ ਜਵਾਕਾਂ ਦੇ ਛਿੱਤਰ ਪੈਣ ਆਲਾ ਸੱਭਿਆਚਾਰ ਵੀ ਖ਼ਤਮ ਹੁੰਦਾ ਜਾਂਦਾ। ਨੱਬੇ ਆਲੀ ਜੰਤਾ ਨੇ ਬਹੁਤ ਛਿਤਰੌਲ਼ ਖਾਧੀ ਆ ਬਾਪੂਆਂ ਤੋਂ।

ਤਿੰਨ ਕ ਵਜੇ ਕੋਈ ਵਹਿਵਤ ਕਰਦੇ, ਸਾਢੇ ਕ ਤਿੰਨ ਵਧੀਆ ਲਫੇੜੇ ਖਾਕੇ ਸੌਂ ਜਾਂਦੇ । ਆਥਣੇ ਜੇ ਤਿੰਨ ਚਾਰ ਘੰਟੇ ਵਧੀਆ ਨੀਂਦ ਆਓਂਦੀ ਸੀ।

ਕਾਪੀ ਪੇਸਟ

## ( ਸੀਓ ਡੰਬਾ ) ਜਾਂ ਦਾਤਰੀਆਂ ਦਾ ਵਿਆਹ (ਸੁਖਵਿੰਦਰ ਸਿੰਘ ਖਾਰੇ ਵਾਲੇ ਦੀ ਕਲਮ ਤੋ। 9530579175)



ਵਿਸਾਖ ਦਾ ਦੂਸਰਾ ਪੰਦਰਵਾੜਾ ਚਲ ਰਿਹਾ ਸੀ । ਕਣਕ ਦੀ ਵਾਢੀ ਪੂਰੇ ਜੋਰਾ ਤੇ ਖੜਕੀ ਹੋਈ ਸੀ । ਅਸੀ ਵੀ ਵਿਸਾਖੀ ਦਾ ਮੇਲਾ ਵੇਖ ਵਾਢੀ ਨੂੰ ਟੱਕਰੇ ਹੋਏ ਸੀ । ਮੈ ਤੇ ਮੇਰਾ ਵੱਡਾ ਭਾਈ,ਮੇਰਾ ਬਾਪ ਅਤੇ ਤਾਇਆ ਹਰ ਰੋਜ ਅੱਧਾ ਕਿਲਾ ਕਣਕ ਵੱਡ ਦਿੰਦੇ ਸੀ । ਬਾਪ ਤੇ ਤਾਇਆ ਜਿਆਦਾ ਕਰਕੇ ਅੱਧੇ ਦਿਨੋ ਬਾਅਦ ਹੀ ਆਉਂਦੇ ਸਨ ।

ਅੱਠ ਕੌ ਕਿਲਿਆ ਨਾਲ ਪੂਰੇ ਮਹੀਨੇ ਦਾ ਹੀ ਮੌਚ ਪੈ ਜਾਂਦਾ ਸੀ । ਕਈ ਵਾਰ ਵਿੱਚੋ ਮੈਨੂੰ ਹਲਕਾ ਜਿਹਾ ਬੁਖਾਰ ਵੀ ਆ ਢਾਉਂਦਾ ਸੀ । ਘਰ ਦੇ ਉਹੜ ਪੋਹੜ ਨਾਲ, ਦੋ ਦਿਨ ਅਰਾਮ ਕਰਕੇ ਫੇਰ ਮੋਰਚਾ ਸਭਾਲ ਲਈਦਾ ਸੀ ।

ਹਰ ਰੋਜ ਤਾਂਗੇ ਵਾਲੀ ਘੋੜੀ ਵਾਂਗ ਵਾਡੀ ਨੂੰ ਟੱਕਰੇ ਰਹਿਣਾ,ਪਰਾਤਾਂ ਕਿੱਲੇ ਦੇ ਅੱਧ ਤੱਕ ਵੱਢ ਕੇ,ਨਾਲੋ ਨਾਲ ਮੱਕੜੇ ਵੀ ਕਰੀ ਜਾਣੇ । ਤਿੰਨ ਚਾਰ ਘੜੇ ਪਾਣੀ ਦੇ ਨਿੱਤ ਰੋਜ ਪੀ ਜਾਣੇ । ਰਾਤ ਨੂੰ ਗਰਮ ਪਾਣੀ ਨਾਲ ਬਗੈਰ ਸਾਬਣ ਤੋ,ਨਲਕੇ ਥੱਲੇ ਨਹਾ ਲੈਣਾ,ਕੱਲ ਵਾਲੇ ਧੋਤੇ ਕੱਪੜੇ ਪਾ ਲੈਣੇ । ਕੋਈ ਪਤਾ ਨਾ ਲੱਗਣਾ ਕਦੋ ਦਿਨ ਚੜ ਜਾਣਾ, ਸਾਰੀ ਰਾਤ ਮੱਛਰ ਨਾਲ ਵੀ ਕੌਡ ਕਬੱਡੀ ਖੇਡਦੇ ਰਹਿਣਾ,

ਅੱਜ ਸਾਡੀ ਵਾਢੀ ਦਾ ਆਖਰੀ ਦਿਨ ਸੀ । ਗੋਹੇ ਵਾਲੀ ਕਈ ਦਿਨਾਂ ਤੋ ਕਨਸੋਆਂ ਲੈ ਰਹੀ ਸੀ, ਸੀਓ ਡੰਬਾ ਕਦੋ ਛੱਡਣਾ ਹੈ । ਅੱਜ ਉਸ ਨੂੰ ਸੀਓ ਡੰਬੇ ਬਾਰੇ ਚਾਰ ਵਜੇ ਦਾ ਟਾਇਮ ਦੇ ਦਿੱਤਾ ਸੀ ।

ਅੱਜ ਮੈਨੂੰ ਬਹੁਤ ਖੁਸ਼ੀ ਸੀ, ਕਿਉਂਕਿ ਵਾਢੀ ਮੁੱਕ ਜਾਣੀ ਸੀ । ਰਾਤ ਨੂੰ ਦਾਤਰੀਆ ਦਾ ਵਿਆਹ ਵੀ ਕਰਨਾ ਸੀ । ਅੱਜ ਸਵੇਰੇ ਹੀ ਮੇਰੇ ਬਾਪ ਨੇ ਕੜਾਹ ਦੀ ਰਸਦ ਜਗੀਰੋ ਖੱਤਰੀ ਦੀ ਹੱਟੀ ਤੋ ਉਧਾਰ ਲੈ ਆਇਆ ਸੀ ।

ਅੱਜ ਕੜਾਹ ਕਈ ਮੁੱਦਤਾਂ ਬਾਅਦ ਖਾਣ ਨੂੰ ਮਿਲਣਾ ਸੀ । ਮੈਨੂੰ ਕੜਾਹ ਖਾਣ ਦਾ ਚਾਅ ਇਸ ਤਰ੍ਹਾ ਚੜ੍ਹਿਆ ਹੋਇਆ ਸੀ, ਜਿਵੇ ਸਨੀਵਾਰ ਅੱਧੀ ਛੁੱਟੀ ਸਾਰੀ ਹੋ ਗਈ ਹੋਵੇ । ਜਾਂ ਜਿਵੇ ਬੱਚਾ ਅਠਵੀ ਦੇ ਬੋਰਡ ਦੇ ਇਮਤਿਹਾਨ ਵਿੱਚੋ ਪਾਸ ਹੋ ਗਿਆ ਹੋਵੇ।

ਸਿਲੇਹਾਰਾ ਦੇ ਦੋ ਟੋਲੇ ਦੋ ਵਜੇ ਤੋ ਆ ਕੇ, ਖੇਤ ਦਾ ਸਿਰਹਾਣਾ ਇਸ ਤਰ੍ਹਾ ਮੱਲ ਕੇ ਬੈਠ ਗਏ ਸਨ । ਜਿਵੇ ਵਾਘਾ ਬਾਡਰ ਤੇ ਫੌਜਾ ਤਾਇਨਾਤ ਕਰ ਦਿੱਤੀਆ ਹੋਣ । ਸਾਡੀ ਚਾਰ ਜਾਣਿਆ ਦੀ ਆਖਰੀ ਪ੍ਰਾਤ ਸੀ । ਸੂਰਜ ਤੇ ਬੁਢਾਪਾ ਆ ਚੁੱਕਾ ਸੀ । ਉਧਰ ਸਿਲੇਹਾਰਾਂ ਨੇ ਵੀ ਤਿਆਰੀ ਇਸ ਤਰ੍ਹਾ ਕੱਸ ਲਈ ਸੀ, ਜਿਵੇ ਟੂਰਨਾਮੈਂਟ ਜਿੱਤਣ ਲਈ ਦੌੜਾਕ ਕਲੀ ਵਾਲੀ ਲਕੀਰ ਤੇ ਫੁੱਲ ਤਿਆਰੀ ਵਿਚ ਹੋਣ

ਸਾਡੀ ਪ੍ਰਾਤ ਹਾਲੇ ਅੱਧੋ ਵੀ ਪਿੱਛੇ ਸੀ, ਬਗੈਰ ਆਡਰ ਤੋ ਹੀ ਸਿਲੇਹਾਰਾ ਨੇ ਕਣਕ ਦੇ ਛਿੱਟਿਆਂ ਤੇ ਧਾਵਾਂ ਬੋਲ ਦਿੱਤਾ ਸੀ। ਅਸੀ ਹੱਥ ਵਾਲੇ ਰੁੱਗ ਵਿਚੇ ਸੁੱਟ ਕੇ, ਧਰਤੀ ਮਾਤਾ ਨੂੰ ਨਮਸਕਾਰ ਕਰਕੇ ਉਠ ਖਲੋਤੇ ਸੀ। ਇਕ ਖੂਬਸੂਰਤ ਮੁਟਿਆਰ ਮੇਰੇ ਹੱਥੋ ਦਾਤਰੀ ,ਬਗੈਰ ਪੁੱਛੇ ਖੋਹ ਕੇ ਛਿੱਟੇ ਲਾਪਰਨ ਲੱਗ ਪਈ । ਮੈ ਉਸ ਨੂੰ ਨਾਹ ਨਾ ਕਰ ਸਕਿਆ, ਸ਼ਾਇਦ ਰੁਸਤਮ ਪਹਿਲਵਾਨ ਵੀ ਉਸ ਅੱਗੇ ਹਾਰ ਜਾਂਦਾ । ਸਾਡੇ ਲੱਕ ਸਿੱਧਾ ਕਰਦਿਆ ਉਹਨਾ ਨੇ ਸੀਓ ਡੰਬਾ ਮੜ੍ਹੱਛ ਦਿੱਤਾ ਸੀ।

ਹੁਣ ਅਸੀ ਘੜੇ ਦਾ ਪਾਣੀ ਤੇ ਆਖਰੀ ਚਾਹ ਪੀ ਕੇ ਭਰੀਆ ਬੰਨਣ ਲੱਗ ਪਏ ਸੀ । ਮੇਰਾ ਧਿਆਨ ਘੜੀ, ਮੁੜੀ ਘਰ ਵਿਚ ਬਣ ਰਹੇ ਕੜਾਹ ਵਲ ਜਾਂਦਾ ਸੀ । ਸਾਨੂੰ ਵਾਢੀ ਮੁੱਕਣ ਦਾ ਵੀ ਚਾਅ ਚੜ੍ਹਿਆ ਹੋਇਆ ਸੀ । ਕੋਈ ਪਤਾ ਨਾ ਲੱਗਾ ਕਦੋ ਅੱਧੇ ਕਿਲੇ ਦੀਆ ਭਰੀਆਂ ਬੰਨ੍ਹ ਦਿੱਤੀਆ, ਦੋਨੋ ਭਰਾ ਘੋੜੀ ਨੂੰ ਅੱਡੀ ਲਾ ਕੇ ਘਰੇ ਆ ਗਏ, ਕੜਾਹ ਦੀ ਮਹਿਕ ਸਾਰੇ ਵਿਹੜੇ ਵਿੱਚ ਆ ਰਹੀ ਸੀ । ਮੈ ਜਾਦਿਆ ਹੀ ਪਤੀਲੇ ਦਾ ਢੱਕਣ ਚੁੱਕ ਕੇ ਵੇਖਣ ਦੀ ਕੋਸ਼ਿਸ਼ ਕੀਤੀ, ਪਰੰਤੂ ਤੱਤੀ ਹਵਾੜ ਮੇਰੇ ਹੱਥਾ ਨੂੰ ਵੱਜੀ,ਮਾਤਾ ਦੇ ਦਬਕੇ ਵੱਖਰੇ ਵੱਜ ਗਏ ।

ਨਿੱਤ ਰੋਜ ਵਾਂਗ ਤੱਤੇ ਪਾਣੀ ਦਾ ਪਤੀਲਾ ਸਾਡਾ ਸਵਾਗਤ ਕਰ ਰਿਹਾ ਸੀ । ਬਗੈਰ ਸਾਬਣ ਤੋ ਇਸ਼ਨਾਨ ਕਰਕੇ , ਕੱਲ ਵਾਲੇ ਧੋਤੇ ਕੱਪੜੇ ਪਾ ਲਏ ਸਨ । ਮੈ ਜਿੰਨਾ ਕੜਾਹ ਥਾਲੀ ਵਿਚ ਪਵਾ ਲਿਆ ਸੀ । ਮਸਾ ਉਸ ਤੋ ਅੱਧਾ ਹੀ ਖਾਂਦਾ ਗਿਆ ਸੀ

ਡੂੰਘਾ ਖੌ ਪੀਆ ਹੋ ਚੁੱਕਾ ਸੀ । ਤਾਏ ਤੇ ਬਾਪ ਨੇ ਵੀ ਦੇਸੀ ਦਾਰੂ ਦੀ ਗੜਵੀ ਮੰਜੇ ਦੀ ਪੈਂਦ ਵਿਚ ਫਸਾ ਲਈ ਸੀ । ਮੈ ਦੋਹਰੀ ਵਾਰ ਕੜਾਹ ਖਾ ਲਿਆ ਸੀ । ਦਾਤਰੀਆਂ ਦਾ ਵਿਆਹ ਸੰਪੂਰਨ ਹੋ ਚੁੱਕਾ ਸੀ । ਪਿਉ ਸਾਡੇ ਨੂੰ ਚੜ ਗਈ ਸੀ, ਕਹਿ ਰਿਹਾ ਸੀ, ਮੁਡਿਉ ,"ਹਾਲੇ ਜੰਗ ਜਾਰੀ ਹੈ । ਜਿਨ੍ਹਾ ਚਿਰ ਦਾਣੇ ਭੜੋਲੇ ਵਿਚ ਪੈ ਨਹੀ ਜਾਂਦੇ ।

ਤਾਇਆ ਮੇਰਾ ਬੋਲੀਆ ਪਾਉਣ ਲੱਗ ਪਿਆ ਸੀ,


ਜੱਟਾ ਤੇਰੀ ਜੂਨ ਬੁਰੀ,ਹਲ ਵਾਹ ਕੇ ਪੱਠਿਆ ਨੂੰ ਜਾਣਾ ,

ਪੱਕੀ ਖੇਤੀ ਵੇਖ ਕੇ ਗਰਬ ਕਰੇ ਕਿਸਾਨ,

ਵਾਉ,ਝੱਖੜੋ,ਮੀਂਹ,ਹਨੇਰੀਉ,ਗੜਿਆਂ ਤੋ ਘਰ ਆਈ ਤਾ ਜਾਣ।

ਸੁਖਵਿੰਦਰ ਸਿੰਘ ਖਾਰੇ ਵਾਲੇ ਦੀ ਕਲਮ ਤੋ। 9530579175

## ਸੋਵੀਅਤ ਰੂਸ ਵਿੱਚ ਉਨੀ ਸੌ ਸਤਾਰਾਂ ਵਿੱਚ ਕ੍ਰਾਂਤੀ ਹੋਈ। ਉੱਥੋਂ ਦੇ ਲੋਕ ਮੰਨਦੇ ਸਨ ਕਿ ਰੱਬ ਹੈ, ਵਿਸ਼ਵਾਸ ਕਰਦੇ ਸਨ ਕਿ ਰੱਬ ਹੈ।



ਸੋਵੀਅਤ ਰੂਸ ਵਿੱਚ ਉਨੀ ਸੌ ਸਤਾਰਾਂ ਵਿੱਚ ਕ੍ਰਾਂਤੀ ਹੋਈ। ਉੱਥੋਂ ਦੇ ਲੋਕ ਮੰਨਦੇ ਸਨ ਕਿ ਰੱਬ ਹੈ, ਵਿਸ਼ਵਾਸ ਕਰਦੇ ਸਨ ਕਿ ਰੱਬ ਹੈ। ਪੁਜਾਰੀ ਕਹਿੰਦੇ ਸਨ, ਪਾਦਰੀ ਕਹਿੰਦੇ ਸਨ ਕਿ ਰੱਬ ਹੈ; ਤਾਂ ਉਹ ਮੰਨਦੇ ਸਨ। ਪੁਜਾਰੀ ਵੱਡਾ ਆਦਮੀ ਸੀ। ਪਿੰਡ ਵਿੱਚ ਉਸਦੀ ਇੱਜ਼ਤ ਸੀ। ਉਸਦੇ ਤਗਮੇ ਚਮਕਦੇ ਸਨ; ਉਸਦੇ ਕੱਪੜੇ ਚਮਕਦੇ ਸਨ। ਚਰਚ, ਉਸਦਾ ਵੱਡਾ ਮਕਾਨ। ਪੁਜਾਰੀ ਦੀ ਬੜੀ ਇੱਜ਼ਤ ਸੀ। ਜੇ ਖੁਦ ਬਾਦਸ਼ਾਹ ਵੀ ਆਉਂਦਾ ਤਾਂ ਉਹ ਪੁਜਾਰੀ ਦੇ ਪੈਰ ਛੂਹਦਾ ਸੀ। ਇਸ ਲਈ ਪੁਜਾਰੀ ਦੇ ਹੱਥ ਵਿੱਚ ਸ਼ਕਤੀ ਸੀ, ਪਾਵਰ ਸੀ। ਤਾਂ ਪੁਜਾਰੀ ਕਹਿੰਦਾ ਸੀ, ਜੋ ਮੈਂ ਕਹਿੰਦਾ ਹਾਂ, ਉਹੀ ਸੱਚ ਹੈ। ਮੈਂ ਕਹਿੰਦਾ ਹਾਂ ਕਿ ਕ੍ਰਾਈਸਟ ਕੁਆਰੀ ਕੁੜੀ ਤੋਂ ਪੈਦਾ ਹੋਏ, ਤਾਂ ਲੋਕ ਮੰਨਦੇ ਸਨ ਕਿ ਹੋਏ।

ਜਦੋਂ ਹਕੂਮਤ ਬਦਲ ਗਈ ਅਤੇ ਕਮਿਊਨਿਸਟ ਸੱਤਾ ਵਿੱਚ ਆ ਗਏ ਅਤੇ ਉਨ੍ਹਾਂ ਨੇ ਪੁਜਾਰੀਆਂ ਨੂੰ ਕੱਢ ਕੇ ਬਾਹਰ ਸੁੱਟ ਦਿੱਤਾ ਅਤੇ ਪੁਜਾਰੀ ਦੀਨ-ਹੀਨ ਹੋ ਗਏ, ਤਾਂ ਪਾਵਰ ਬਦਲ ਗਈ। ਪਾਵਰ ਆ ਗਈ ਕਮਿਊਨਿਸਟਾਂ ਦੇ ਹੱਥ ਵਿੱਚ ਅਤੇ ਕਮਿਊਨਿਸਟਾਂ ਨੇ ਕਿਹਾ: ਕੋਈ ਰੱਬ ਨਹੀਂ ਹੈ, ਅਤੇ ਉਨ੍ਹਾਂ ਨੇ ਕਿਹਾ: ਕੋਈ ਆਤਮਾ ਨਹੀਂ ਹੈ, ਕੋਈ ਪਰਮਾਤਮਾ ਨਹੀਂ ਹੈ। ਲੋਕਾਂ ਨੇ ਇਸਨੂੰ ਮੰਨ ਲਿਆ। ਕੋਈ ਆਤਮਾ ਨਹੀਂ, ਕੋਈ ਪਰਮਾਤਮਾ ਨਹੀਂ; ਠੀਕ ਹੈ।

ਕੱਲ੍ਹ ਮੰਨਦੇ ਸਨ ਪੁਜਾਰੀ ਨੂੰ, ਕਿਉਂਕਿ ਉਹ ਤਾਕਤ ਵਿੱਚ ਸੀ। ਅੱਜ ਕਮਿਊਨਿਸਟ ਤਾਕਤ ਵਿੱਚ ਆ ਗਏ, ਉਨ੍ਹਾਂ ਨੇ ਉਨ੍ਹਾਂ ਦੀ ਗੱਲ ਮੰਨ ਲਈ ਕਿ ਠੀਕ ਹੈ, ਇਹ ਜੋ ਕਹਿੰਦੇ ਹਨ ਉਹੀ ਠੀਕ ਹੈ। ਵੀਹ ਸਾਲ ਦੇ ਦੁਹਰਾਉਣ ਤੋਂ ਬਾਅਦ ਰੂਸ ਦੇ ਲੋਕ ਕਹਿਣ ਲੱਗੇ, ਕੋਈ ਆਤਮਾ ਨਹੀਂ, ਕੋਈ ਪਰਮਾਤਮਾ ਨਹੀਂ, ਕੋਈ ਪੁਨਰ ਜਨਮ ਨਹੀਂ। ਇਹ ਉਹੀ ਲੋਕ ਹਨ, ਜੋ ਕੱਲ੍ਹ ਕਹਿੰਦੇ ਸਨ ਕਿ ਰੱਬ ਹੈ। ਅਤੇ ਜੋ ਕਹਿੰਦੇ ਸਨ, ਕੁਆਰੀ ਮਰੀਅਮ ਤੋਂ ਕ੍ਰਾਈਸਟ ਪੈਦਾ ਹੋਇਆ। ਹੁਣ ਉਹ ਸਭ ਹੱਸਣ ਲੱਗੇ ਅਤੇ ਕਹਿਣ ਲੱਗੇ, ਉਹ ਸਭ ਬੇਵਕੂਫੀ ਦੀਆਂ ਗੱਲਾਂ ਸਨ। ਕਿਉਂਕਿ ਹੁਣ ਜੋ ਤਾਕਤ ਵਿੱਚ ਆ ਗਏ, ਉਨ੍ਹਾਂ ਨੇ ਕਿਹਾ ਕਿ ਉਹ ਬੇਵਕੂਫੀ ਦੀਆਂ ਗੱਲਾਂ ਸਨ।

ਇਹ ਉਹੀ ਲੋਕ ਹਨ; ਇਨ੍ਹਾਂ ਵਿੱਚ ਕੋਈ ਫਰਕ ਨਹੀਂ ਪਿਆ। ਇਹ ਵਿਸ਼ਵਾਸ ਦਾ ਨਤੀਜਾ ਹੈ। ਜੇਕਰ ਇਨ੍ਹਾਂ ਲੋਕਾਂ ਨੇ ਵਿਚਾਰ ਕੀਤਾ ਹੁੰਦਾ ਅਤੇ ਜੇਕਰ ਇਨ੍ਹਾਂ ਨੇ ਕ੍ਰਾਈਸਟ ਨੂੰ ਜਾਂ ਪਰਮਾਤਮਾ ਦੀ ਖੋਜ ਨੂੰ ਵਿਚਾਰ ਨਾਲ ਅਪਣਾਇਆ ਹੁੰਦਾ, ਤਾਂ ਕੋਈ ਕਮਿਊਨਿਸਟ ਇਨ੍ਹਾਂ ਨੂੰ ਇਹ ਸਮਝਾਉਣ ਦੇ ਯੋਗ ਨਹੀਂ ਹੋ ਸਕਦਾ ਸੀ ਕਿ ਰੱਬ ਨਹੀਂ ਹੈ। ਇਨ੍ਹਾਂ ਦੇ ਅੰਦਰ ਵਿਚਾਰ ਦਾ ਅਨੁਭਵ ਹੁੰਦਾ। ਦੁਨੀਆ ਦੀ ਕੋਈ ਵੀ ਤਾਕਤ ਉਸਨੂੰ ਤੋੜ ਨਹੀਂ ਸਕਦੀ ਸੀ।

ਦੁਨੀਆ ਵਿੱਚ ਬਹੁਤ ਵੱਡਾ ਖ਼ਤਰਾ ਹੈ ਵਿਸ਼ਵਾਸ ਕਾਰਨ। ਕਿਉਂਕਿ ਜੋ ਲੋਕ ਵਿਸ਼ਵਾਸ ਕਰਦੇ ਹਨ, ਉਹ ਕਿਸੇ ਵੀ ਚੀਜ਼ 'ਤੇ ਵਿਸ਼ਵਾਸ ਕਰ ਸਕਦੇ ਹਨ। ਉਨ੍ਹਾਂ ਨੂੰ ਕੋਈ ਵੀ ਚੀਜ਼ ਮਨਾਈ ਜਾ ਸਕਦੀ ਹੈ, ਕਿਉਂਕਿ ਵਿਸ਼ਵਾਸ ਕਰਨ ਵਾਲਾ ਆਦਮੀ ਕਦੇ ਵਿਚਾਰ ਨਹੀਂ ਕਰਦਾ। ਇਸ ਲਈ ਦੁਨੀਆ ਦੀਆਂ ਹਕੂਮਤਾਂ, ਦੁਨੀਆ ਦੇ ਰਾਜਨੇਤਾ, ਦੁਨੀਆ ਦੇ ਧਰਮ-ਪੁਜਾਰੀ, ਦੁਨੀਆ ਦੇ ਸ਼ੋਸ਼ਣ ਕਰਨ ਵਾਲੇ ਲੋਕ, ਕੋਈ ਵੀ ਇਹ ਨਹੀਂ ਚਾਹੁੰਦਾ ਕਿ ਤੁਸੀਂ ਵਿਚਾਰ ਕਰੋ। ਉਹ ਸਭ ਚਾਹੁੰਦੇ ਹਨ, ਵਿਸ਼ਵਾਸ ਕਰੋ। ਕਿਉਂਕਿ ਜੇ ਤੁਸੀਂ ਵਿਸ਼ਵਾਸ ਕਰੋਗੇ, ਤਾਂ ਦੁਨੀਆ ਵਿੱਚ ਕੋਈ ਕ੍ਰਾਂਤੀ ਨਹੀਂ ਹੋਵੇਗੀ, ਕੋਈ ਬਗਾਵਤ ਨਹੀਂ ਹੋਵੇਗੀ। ਤੁਹਾਡਾ ਸ਼ੋਸ਼ਣ ਆਰਾਮ ਨਾਲ ਹੁੰਦਾ ਰਹੇਗਾ, ਤੁਹਾਨੂੰ ਮੂਰਖ ਬਣਾਇਆ ਜਾਂਦਾ ਰਹੇਗਾ ਅਤੇ ਤੁਸੀਂ ਚੁੱਪਚਾਪ ਚਲਦੇ ਰਹੋਗੇ।

ਵਿਚਾਰ ਤੋਂ ਉਹ ਸਭ ਘਬਰਾਏ ਹੋਏ ਹਨ। ਅਤੇ ਵਿਚਾਰ ਦੇ ਨਾ ਹੋਣ ਦਾ ਇਹ ਨਤੀਜਾ ਹੈ ਕਿ ਪੰਜ ਹਜ਼ਾਰ ਸਾਲਾਂ ਤੋਂ ਆਦਮੀ ਕਸ਼ਟ ਭੋਗ ਰਿਹਾ ਹੈ, ਪਤਾ ਨਹੀਂ ਕਿੰਨੇ ਪ੍ਰਕਾਰ ਦੇ, ਜਿਨ੍ਹਾਂ ਦਾ ਕੋਈ ਹਿਸਾਬ ਨਹੀਂ ਹੈ।

ਵਿਚਾਰ ਪੈਦਾ ਹੋਣਾ ਚਾਹੀਦਾ ਹੈ। ਕਿਉਂਕਿ ਵਿਚਾਰ ਬਗਾਵਤ ਹੈ, ਵਿਚਾਰ ਰਿਬੇਲੀਅਨ ਹੈ। ਵਿਚਾਰ ਪੈਦਾ ਹੋਣਾ ਚਾਹੀਦਾ ਹੈ, ਤਾਂ ਸ਼ਾਇਦ ਬਗਾਵਤ ਵੀ ਪੈਦਾ ਹੋਵੇ ਅਤੇ ਅਸੀਂ ਇੱਕ ਨਵੀਂ ਦੁਨੀਆ ਬਣਾਉਣ ਵਿੱਚ ਸਮਰਥ ਹੋ ਜਾਈਏ।

ਨਿਸ਼ਚਿਤ ਹੀ ਪੁਰਾਣੀ ਦੁਨੀਆ ਤੋੜਨੀ ਪਵੇਗੀ, ਨਵੀਂ ਦੁਨੀਆ ਬਣਾਉਣ ਲਈ; ਪੁਰਾਣੇ ਢਾਂਚੇ ਮਿਟਾਉਣੇ ਹੋਣਗੇ, ਨਵੇਂ ਮਨੁੱਖ ਨੂੰ ਜਨਮ ਦੇਣ ਲਈ, ਵਿਸ਼ਵਾਸ ਖ਼ਤਮ ਕਰਨਾ ਹੋਵੇਗਾ, ਨਵੇਂ ਵਿਚਾਰ ਪੈਦਾ ਕਰਨ ਲਈ।

— ਓਸ਼ੋ 🍀 (ਅਨੁਵਾਦ: #ਮੀਤ_ਅਨਮੋਲ)

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਹਾਲਾਤ...**

ਹਾਲਾਤ ਬਦਲਣ ਲਈ ਹਿੰਮਤੀ ਯਤਨ ਕਰਦੇ ਰਹੋ। ਗਰੀਬ ਜਨਮੇ ਹੋ ਤਾਂ ਤੁਹਾਡਾ ਕੋਈ ਕਸੂਰ ਨਹੀਂ। ਮਰੇ ਵੀ ਗਰੀਬ ਤਾਂ ਕਸੂਰਵਾਰ ਪੱਕਾ ਤੁਸੀਂ ਹੀ ਮੰਨੇ ਜਾਵੋਂਗੇ॥ ਮਨ ਦੇ ਹਾਲਾਤ ਮਜਬੂਤੀ ਨਾਲ ਕਾਬੂ 'ਚ ਰੱਖਣਾ ਸਿੱਖ ਗਏ ਤਾਂ ਕਦੀ ਕੋਈ ਤੁਹਾਨੂੰ ਬੁਖਲਾਹਟ 'ਚ ਨਹੀਂ ਲਿਆ ਸਕੇਗਾ। ਆਪਣੇ ਮਨ ਦੇ ਰਾਜਾ ਬਣੋ॥ ਜ਼ਿੰਦਗੀ ਦੇ ਹਾਲਾਤ ਕਦੀ ਵੀ ਇੱਕ ਸਮਾਨ ਨਹੀਂ ਰਹਿੰਦੇ। ਹਾਲਾਤਾਂ ਨਾਲ ਦੋ ਚਾਰ ਹੁੰਦਿਆਂ ਚੜ੍ਹਦੀਕਲਾ 'ਚ ਰਹਿਣਾ ਹੀ ਜ਼ਿੰਦਗੀ ਦੀ ਖੂਬਸੂਰਤੀ ਹੁੰਦੀ ਹੈ॥

**ਹੱਠ...**

ਹਰ ਗੱਲ 'ਚ ਹੱਠ ਕਰਨਾ ਬਚਪਨੇ ਦੀ ਨਿਸ਼ਾਨੀ ਹੈ । ਦੂਰ ਅੰਦੇਸ਼ੀ ਸੋਚ ਵਾਲਾ ਕਦੀ ਵੀ ਹੱਠ ਨਹੀਂ ਕਰਦਾ॥ ਕਾਮਯਾਬ ਹੋਣ ਲਈ ਰਸਤੇ ਦੀਆਂ ਮੁਸੀਬਤਾਂ ਨੂੰ ਸੈੱਟ ਕਰਨ ਲਈ ਹੱਠ ਕਰਨੀ ਹੀ ਚਾਹੀਦੀ ਹੈ। ਹੱਠ ਕਰਦਿਆਂ ਉਲਝ ਗਏ ਤਾਂ ਨੁਕਸਾਨ ਵੀ ਹੋ ਸਕਦੈ॥ ਚਿੰਤਨ ਬਿਨਾ ਕੀਤੀ ਹੱਠ ਅਕਸਰ ਨੁਕਸਾਨ ਹੀ ਕਰਦੀ ਹੈ। ਚੇਤੇ ਰੱਖੋ ਹੱਠੀ ਬੰਦੇ ਦੇ ਸਾਥੀ ਘਟਦੇ ਹੀ ਜਾਂਦੇ ਨੇ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

## ਸਾਡੀਆਂ ਸੋਚਾਂ ਦਾ ਜਾਲ ਅਤੇ ਹਕੀਕਤ ਦੀ ਦੁਨੀਆ



ਅਕਸਰ ਅਸੀਂ ਸਾਰੇ ਆਪਣੇ ਦਿਮਾਗ਼ ਦੇ ਅੰਦਰ ਹੀ ਇੱਕ ਵੱਖਰੀ ਦੁਨੀਆ ਵਸਾ ਕੇ ਤੁਰਦੇ ਹਾਂ। ਇੱਕ ਅਜਿਹੀ ਦੁਨੀਆ, ਜਿੱਥੇ ਅਸੀਂ ਹਰ ਇਨਸਾਨ, ਹਰ ਹਾਲਾਤ ਅਤੇ ਹਰ ਗੱਲ ਨੂੰ ਸਿਰਫ਼ ਆਪਣੇ ਹੀ ਨਜ਼ਰੀਏ ਨਾਲ ਤੋਲਦੇ ਹਾਂ। ਕਈ ਵਾਰ ਸਾਡਾ ਦਿਮਾਗ਼ ਸਾਨੂੰ ਕੁਝ ਅਜਿਹੀਆਂ ਕਹਾਣੀਆਂ ਅਤੇ ਤਸਵੀਰਾਂ ਘੜ ਕੇ ਦਿਖਾਉਂਦਾ ਹੈ, ਜਿਨ੍ਹਾਂ ਦਾ ਹਕੀਕਤ ਨਾਲ ਕੋਈ ਵਾਸਤਾ ਹੀ ਨਹੀਂ ਹੁੰਦਾ। ਅਸੀਂ ਲੋਕਾਂ ਬਾਰੇ ਪਹਿਲਾਂ ਹੀ ਆਪਣੀ ਇੱਕ ਧਾਰਨਾ (perception) ਬਣਾ ਲੈਂਦੇ ਹਾਂ ਅਤੇ ਫਿਰ ਉਹਨਾਂ ਨੂੰ ਉਸੇ ਧੁੰਦਲੇ ਸ਼ੀਸ਼ੇ ਰਾਹੀਂ ਦੇਖਣ ਦੀ ਕੋਸ਼ਿਸ਼ ਕਰਦੇ ਹਾਂ।

ਨਤੀਜਾ ਇਹ ਹੁੰਦਾ ਹੈ ਕਿ ਬਹੁਤ ਸਾਰੇ ਲੋਕ ਅਸਲ ਵਿੱਚ ਉਵੇਂ ਦੇ ਹੁੰਦੇ ਹੀ ਨਹੀਂ, ਜਿਵੇਂ ਦਾ ਸਾਡਾ ਦਿਮਾਗ਼ ਸਾਨੂੰ ਬਣਾ ਕੇ ਪੇਸ਼ ਕਰ ਰਿਹਾ ਹੁੰਦਾ ਹੈ। ਇਸੇ ਓਵਰਥਿੰਕਿੰਗ (Overthinking) ਕਰਕੇ ਅਸੀਂ ਹਮੇਸ਼ਾ ਆਪਣੀਆਂ ਹੀ ਸੋਚਾਂ ਵਿੱਚ ਉਲਝੇ ਰਹਿੰਦੇ ਹਾਂ। ਸਾਡੇ ਅੰਦਰ ਹਮੇਸ਼ਾ ਕਿਸੇ ਨਾ ਕਿਸੇ ਗੱਲ ਦੀ ਸ਼ਿਕਾਇਤ ਚੱਲਦੀ ਰਹਿੰਦੀ ਹੈ, ਅਸੀਂ ਹਰ ਵੇਲੇ ਕਿਸੇ ਨਾ ਕਿਸੇ ਅਸੰਤੁਸ਼ਟੀ ਨਾਲ ਜੂਝਦੇ ਹਾਂ ਅਤੇ ਲੋਕਾਂ ਨਾਲ ਸਾਡੇ ਗਿਲੇ-ਸ਼ਿਕਵੇ ਕਦੇ ਮੁੱਕਣ ਦਾ ਨਾਂ ਨਹੀਂ ਲੈਂਦੇ। ਅਸੀਂ ਸੋਚਦੇ ਹਾਂ ਕਿ ਕੋਈ ਸਾਨੂੰ ਸਮਝਦਾ ਨਹੀਂ, ਪਰ ਅਸਲ ਵਿੱਚ ਅਸੀਂ ਖੁਦ ਨੂੰ ਆਪਣੀਆਂ ਹੀ ਬਣਾਈਆਂ ਉਮੀਦਾਂ ਅਤੇ ਵਹਿਮਾਂ ਦੇ ਜਾਲ ਵਿੱਚ ਕੈਦ ਕਰ ਲਿਆ ਹੁੰਦਾ ਹੈ।

ਸੱਚ ਤਾਂ ਇਹ ਹੈ ਕਿ ਹੋ ਸਕਦਾ ਹੈ ਇਹ ਦੁਨੀਆ ਉਨੀ ਬੁਰੀ ਨਾ ਹੋਵੇ, ਜਿੰਨੀ ਸਾਡੇ ਦਿਮਾਗ਼ ਨੇ ਸਾਨੂੰ ਬਣਾ ਕੇ ਦਿਖਾ ਦਿੱਤੀ ਹੈ। ਹੋ ਸਕਦਾ ਹੈ ਜਿਸ ਇਨਸਾਨ ਤੋਂ ਅਸੀਂ ਨਾਰਾਜ਼ ਹਾਂ, ਉਸਦੀ ਨੀਅਤ ਮਾੜੀ ਨਾ ਹੋਵੇ, ਬਸ ਉਸਦਾ ਸੁਭਾਅ ਜਾਂ ਗੱਲ ਕਰਨ ਦਾ ਤਰੀਕਾ ਸਾਡੀ ਸੋਚ ਨਾਲ ਮੇਲ ਨਾ ਖਾਂਦਾ ਹੋਵੇ। ਅਸੀਂ ਆਪਣੇ ਮਨ ਵਿੱਚ ਪਾਲੇ ਹੋਏ ਡਰਾਂ ਅਤੇ ਪੁਰਾਣੇ ਤਜਰਬਿਆਂ ਦੀ ਸਜ਼ਾ ਅਕਸਰ ਨਵੇਂ ਰਿਸ਼ਤਿਆਂ ਨੂੰ ਦੇ ਦਿੰਦੇ ਹਾਂ।

ਜੇਕਰ ਅਸੀਂ ਜ਼ਿੰਦਗੀ ਵਿੱਚ ਅਸਲ ਸਕੂਨ ਚਾਹੁੰਦੇ ਹਾਂ, ਤਾਂ ਸਾਨੂੰ ਆਪਣੇ ਦਿਮਾਗ਼ ਦੇ ਇਸ ਤਾਣੇ-ਬਾਣੇ ਵਿੱਚੋਂ ਬਾਹਰ ਆਉਣਾ ਪਵੇਗਾ। ਦਿਮਾਗ਼ ਦੀ ਸੁਣਨ ਦੀ ਬਜਾਏ, ਕਦੇ-ਕਦੇ ਦਿਲ ਦੀ ਆਵਾਜ਼ ਵੀ ਸੁਣਨੀ ਚਾਹੀਦੀ ਹੈ। ਆਓ, ਲੋਕਾਂ ਨੂੰ ਆਪਣੀਆਂ ਬਣਾਈਆਂ ਸੋਚਾਂ ਦੀ ਕਸੌਟੀ 'ਤੇ ਪਰਖਣ ਦੀ ਬਜਾਏ, ਉਹਨਾਂ ਨੂੰ ਖੁੱਲ੍ਹੇ ਦਿਲ ਨਾਲ ਉਵੇਂ ਹੀ ਸਵੀਕਾਰ ਕਰੀਏ ਜਿਵੇਂ ਦੇ ਉਹ ਹਨ। ਜਦੋਂ ਅਸੀਂ ਆਪਣੇ ਅੰਦਰੋਂ ਸ਼ਿਕਾਇਤਾਂ ਦਾ ਬੋਝ ਲਾਹ ਦੇਵਾਂਗੇ ਅਤੇ ਨਜ਼ਰੀਆ ਸਾਫ਼ ਕਰ ਲਵਾਂਗੇ, ਤਾਂ ਯਕੀਨ ਮੰਨਿਓ, ਇਹ ਦੁਨੀਆ ਅਤੇ ਇਹ ਰਿਸ਼ਤੇ ਆਪਣੇ ਆਪ ਬਹੁਤ ਖ਼ੂਬਸੂਰਤ ਅਤੇ ਸਕੂਨਦਾਇਕ ਲੱਗਣ ਲੱਗ ਪੈਣਗੇ।

ਸਨਦੀਪ ਸਿੱਧੂ - 9463661542

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

cEE7 nEWS **ਬਿਜਲੀ ਕੱਟਾਂ ਤੇ ਤਪਦੀ ਗਰਮੀ ਨੇ ਵਧਾਈ ਮੁਸ਼ਕਲ, ਮਿੱਟੀ ਦੇ ਘੜਿਆਂ ਵੱਲ ਮੁੜੇ ਲੋਕ**

# ਲੰਬੇ ਬਿਜਲੀ ਕੱਟਾਂ ਵਿੱਚ ਮਿੱਟੀ ਦੇ ਘੜੇ ਬਣੇ ਸਹਾਰਾ, ਗਰਮੀ ਨੇ ਵਧਾਈ ਮੰਗ

ਗੁਰਪ੍ਰੀਤ ਸਿੰਘ ਕੱਦ ਗਿੱਲ

ਤਰਨਤਾਰਨ, 26 ਅਪ੍ਰੈਲ ਇਲਾਕੇ ਵਿੱਚ ਪੈ ਰਹੀ ਕੜਾਕੇ ਦੀ ਗਰਮੀ ਅਤੇ ਲਗਾਤਾਰ ਲੱਗ ਰਹੇ ਲੰਬੇ ਬਿਜਲੀ ਕੱਟਾਂ ਨੇ ਲੋਕਾਂ ਦੀ ਜ਼ਿੰਦਗੀ ਨੂੰ ਕਾਫ਼ੀ ਪ੍ਰਭਾਵਿਤ ਕਰ ਦਿੱਤਾ ਹੈ। ਇੱਕ ਪਾਸੇ ਤਾਪਮਾਨ ਦਿਨੋਂ-ਦਿਨ ਵੱਧ ਰਿਹਾ ਹੈ, ਦੂਜੇ ਪਾਸੇ ਬਿਜਲੀ ਦੀ ਕਮੀ ਕਾਰਨ ਲੋਕਾਂ ਲਈ ਠੰਡਕ ਪ੍ਰਾਪਤ ਕਰਨਾ ਔਖਾ ਹੋ ਗਿਆ ਹੈ। ਇਸ ਦੋਹਰੇ ਸੰਕਟ ਵਿੱਚ ਲੋਕ ਹੁਣ ਮੁੜ ਕੁਦਰਤੀ ਸਾਧਨਾਂ ਵੱਲ ਰੁਝਾਨ ਕਰ ਰਹੇ ਹਨ।

ਇਸ ਸਥਿਤੀ ਵਿੱਚ ਮਿੱਟੀ ਦੇ ਘੜਿਆਂ ਅਤੇ ਹੋਰ ਭਾਂਡਿਆਂ ਦੀ ਮੰਗ ਵਿੱਚ ਕਾਫ਼ੀ ਵਾਧਾ ਦਰਜ ਕੀਤਾ ਜਾ ਰਿਹਾ ਹੈ। ਤਰਨਤਾਰਨ ਦੇ ਸਰਹਾਲੀ ਰੋਡ ਅਤੇ ਘੁਮਿਆਰ ਬਾਜ਼ਾਰ ਵਿੱਚ ਮਿੱਟੀ ਦੇ ਭਾਂਡਿਆਂ ਦੀਆਂ ਦੁਕਾਨਾਂ 'ਤੇ ਰੌਣਕ ਵਧ ਗਈ ਹੈ। ਦੁਕਾਨਦਾਰ ਵੱਲੋਂ ਵੱਖ-ਵੱਖ ਕਿਸਮਾਂ ਦੇ ਘੜੇ, ਸੁਰਾਹੀਆਂ ਅਤੇ ਟੂਟੀ ਵਾਲੇ ਮਿੱਟੀ ਦੇ ਰੈਬਰ ਸੁੰਦਰ ਢੰਗ ਨਾਲ ਸਜਾ ਕੇ ਵੇਚੇ ਜਾ ਰਹੇ ਹਨ, ਜਿਨ੍ਹਾਂ ਵੱਲ ਲੋਕਾਂ ਦੀ ਖਿੱਚ ਵਧ ਰਹੀ ਹੈ।ਇਸ ਸਬੰਧੀ ਸਰਹਾਲੀ ਰੋਡ 'ਤੇ ਮਿੱਟੀ ਦੇ ਬਰਤਨ ਤਿਆਰ ਕਰ ਰਹੇ ਦੁਕਾਨਦਾਰ ਨਰਿੰਦਰ ਸਿੰਘ ਨੇ ਦੱਸਿਆ ਕਿ ਪਾਥੀਆਂ ਅਤੇ ਬਾਲਣ ਦੇ ਰੇਟਾਂ ਵਿੱਚ ਵਾਧੇ ਕਾਰਨ ਮਿੱਟੀ ਦੇ ਭਾਂਡਿਆਂ ਦੀਆਂ ਕੀਮਤਾਂ ਵਿੱਚ ਇਜਾਫਾ ਹੋਇਆ ਹੈ। ਉਨ੍ਹਾਂ ਕਿਹਾ ਕਿ ਗਾਹਕ ਵੱਡੀ ਉਮੀਦ ਨਾਲ ਖਰੀਦਣ ਲਈ ਆਉਂਦੇ ਹਨ, ਪਰ ਜਦੋਂ ਉਨ੍ਹਾਂ ਨੂੰ ਵਧੀਆਂ ਕੀਮਤਾਂ ਬਾਰੇ ਦੱਸਿਆ ਜਾਂਦਾ ਹੈ

ਪਰ ਜਦੋਂ ਉਨ੍ਹਾਂ ਨੂੰ ਵਧੀਆਂ ਕੀਮਤਾਂ ਬਾਰੇ ਦੱਸਿਆ ਜਾਂਦਾ ਹੈ ਤਾਂ ਕਈ ਗਾਹਕ ਮਹਿੰਗਾ ਹੋਣ ਕਰਕੇ ਖਰੀਦਣ ਤੋਂ ਹਟ ਜਾਂਦੇ ਹਨ।ਬਿਜਲੀ ਕੱਟਾਂ ਕਾਰਨ ਜਿੱਥੇ ਫ੍ਰਿਜ਼ ਵਰਗੇ ਸਾਧਨ ਬੇਅਸਰ ਹੋ ਰਹੇ ਹਨ, ਉੱਥੇ ਮਿੱਟੀ ਦੇ ਘੜੇ ਲੋਕਾਂ ਲਈ ਵੱਡਾ ਸਹਾਰਾ ਬਣ ਕੇ ਸਾਹਮਣੇ ਆ ਰਹੇ ਹਨ। ਇਨ੍ਹਾਂ ਵਿੱਚ ਰੱਖਿਆ ਪਾਣੀ ਕੁਦਰਤੀ ਤੌਰ 'ਤੇ ਠੰਡਾ ਰਹਿੰਦਾ ਹੈ ਅਤੇ ਸਿਹਤ ਲਈ ਵੀ ਲਾਭਦਾਇਕ ਮੰਨਿਆ ਜਾਂਦਾ ਹੈ। ਇਸ ਕਰਕੇ ਬਹੁਤ ਸਾਰੇ ਲੋਕ ਫ੍ਰਿਜ਼ ਦੇ ਪਾਣੀ ਦੀ ਬਜਾਏ ਮਿੱਟੀ ਦੇ ਘੜਿਆਂ ਦਾ ਪਾਣੀ ਪੀਣ ਨੂੰ ਤਰਜੀਹ ਦੇ ਰਹੇ ਹਨ।ਹਾਲਾਂਕਿ ਵਧਦੀ ਮੰਗ ਦੇ ਨਾਲ ਨਾਲ ਕੀਮਤਾਂ ਵਿੱਚ ਵੀ ਵਾਧਾ ਹੋਇਆ ਹੈ। ਆਮ ਘੜਾ 100 ਤੋਂ 150 ਰੁਪਏ ਵਿੱਚ ਮਿਲ ਰਿਹਾ ਹੈ, ਜਦਕਿ ਟੂਟੀ ਵਾਲੇ ਮਿੱਟੀ ਦੇ ਰੈਬਰ ਦੀ ਕੀਮਤ 500 ਤੋਂ 600 ਰੁਪਏ ਜਾਂ ਇਸ ਤੋਂ ਵੱਧ ਹੋ ਗਈ ਹੈ। ਮਹਿੰਗਾਈ ਦੇ ਇਸ ਦੌਰ ਵਿੱਚ ਕਈ ਗਾਹਕ ਖਰੀਦਦਾਰੀ ਤੋਂ ਹਿਚਕਿਚਾ ਰਹੇ ਹਨ ਜਾਂ ਲੋੜ ਅਨੁਸਾਰ ਹੀ ਖਰੀਦ ਕਰ ਰਹੇ ਹਨ।

ਦੁਕਾਨਦਾਰਾਂ ਦਾ ਕਹਿਣਾ ਹੈ ਕਿ ਮਿੱਟੀ, ਪਾਥੀਆਂ, ਮਜ਼ਦੂਰੀ ਅਤੇ ਆਵਾਜਾਈ ਦੇ ਵਧੇ ਖਰਚਿਆਂ ਕਾਰਨ ਕੀਮਤਾਂ ਵਿੱਚ ਵਾਧਾ ਕਰਨਾ ਲਾਜ਼ਮੀ ਹੋ ਗਿਆ ਹੈ। ਉੱਥੇ ਹੀ ਗਾਹਕਾਂ ਦਾ ਮੰਨਣਾ ਹੈ ਕਿ ਗਰਮੀ ਦੇ ਇਸ ਦੌਰ ਵਿੱਚ ਮਿੱਟੀ ਦੇ ਘੜੇ ਲਾਜ਼ਮੀ ਬਣ ਗਏ ਹਨ, ਪਰ ਵਧੀਆਂ ਕੀਮਤਾਂ ਨੇ ਘਰੇਲੂ ਬਜਟ 'ਤੇ ਭਾਰ ਪਾਇਆ ਹੈ।

ਕੁੱਲ ਮਿਲਾ ਕੇ, ਤਪਦੀ ਗਰਮੀ ਅਤੇ ਬਿਜਲੀ ਦੀ ਕਮੀ ਦੇ ਇਸ ਸਮੇਂ ਵਿੱਚ ਮਿੱਟੀ ਦੇ ਘੜੇ ਲੋਕਾਂ ਲਈ ਇੱਕ ਵੱਡਾ ਸਹਾਰਾ ਬਣ ਰਹੇ ਹਨ, ਪਰ ਮਹਿੰਗਾਈ ਇਸ ਸਹੂਲਤ ਨੂੰ ਵੀ ਕਿਤੇ ਨਾ ਕਿਤੇ ਮਹਿੰਗਾ ਬਣਾ ਰਹੀ ਹੈ।



**ਦੁਕਾਨਦਾਰ ਵੱਲੋਂ ਵੱਖ-ਵੱਖ ਕਿਸਮਾਂ ਦੇ ਘੜੇ, ਸੁਰਾਹੀਆਂ ਅਤੇ ਟੂਟੀ ਵਾਲੇ ਮਿੱਟੀ ਦੇ ਰੈਬਰ ਸੁੰਦਰ ਢੰਗ ਨਾਲ ਸਜਾ ਕੇ ਵੇਚੇ ਜਾ ਰਹੇ ਹਨ,**



ਡਾ. ਸੁਖਬੀਰ ਸਿੰਘ ਕੱਕਾ ਕੰਡਿਆਲਾ

***ਘੜੇ ਦਾ ਪਾਣੀ ਕੁਦਰਤੀ ਤਰੀਕੇ ਨਾਲ ਠੰਡਾ ਰਹਿੰਦਾ ਹੈ – ਡਾ. ਸੁਖਬੀਰ ਸਿੰਘ, ਕੱਕਾ ਕੰਡਿਆਲਾ***

ਡਾ. ਸੁਖਬੀਰ ਸਿੰਘ ਨੇ ਦੱਸਿਆ ਕਿ ਮਿੱਟੀ ਦੇ ਘੜੇ ਵਿੱਚ ਰੱਖਿਆ ਪਾਣੀ ਬਿਨਾਂ ਕਿਸੇ ਬਿਜਲੀ ਦੇ ਕੁਦਰਤੀ ਤਰੀਕੇ ਨਾਲ ਠੰਡਾ ਰਹਿੰਦਾ ਹੈ, ਜੋ ਸਰੀਰ ਲਈ ਬਹੁਤ ਹੀ ਸੁਰੱਖਿਅਤ ਹੁੰਦਾ ਹੈ। ਉਨ੍ਹਾਂ ਕਿਹਾ ਕਿ ਫ੍ਰਿਜ਼ ਦਾ ਬਹੁਤ ਠੰਡਾ ਪਾਣੀ ਕਈ ਵਾਰ ਗਲੇ ਅਤੇ ਪੇਟ ਲਈ ਨੁਕਸਾਨਦਾਇਕ ਹੋ ਸਕਦਾ ਹੈ, ਜਦਕਿ ਘੜੇ ਦਾ ਪਾਣੀ ਸੰਤੁਲਿਤ ਠੰਡਕ ਪ੍ਰਦਾਨ ਕਰਦਾ ਹੈ। ਇਹ ਸਰੀਰ ਨੂੰ ਅੰਦਰੋਂ ਤਾਜ਼ਗੀ ਦਿੰਦਾ ਹੈ, ਪਿਆਸ ਜਲਦੀ ਬੁਝਾਉਂਦਾ ਹੈ ਅਤੇ ਹੀਟ ਸਟ੍ਰੋਕ ਵਰਗੀਆਂ ਬਿਮਾਰੀਆਂ ਤੋਂ ਬਚਾਅ ਕਰਦਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਗਰਮੀਆਂ ਵਿੱਚ ਘੜੇ ਦਾ ਪਾਣੀ ਰੋਜ਼ਾਨਾ ਵਰਤੋਂ ਵਿੱਚ ਲਿਆਉਣ ਨਾਲ ਕਈ ਸਿਹਤ ਸਮੱਸਿਆਵਾਂ ਤੋਂ ਬਚਿਆ ਜਾ ਸਕਦਾ ਹੈ।



ਅਮਨਦੀਪ ਕੌਰ ਕੱਦ ਗਿੱਲ

***ਮਿੱਟੀ ਦੇ ਘੜੇ ਦਾ ਪਾਣੀ ਸਰੀਰ ਨੂੰ ਕੁਦਰਤੀ ਠੰਡਕ ਦਿੰਦਾ ਹੈ – ਅਮਨਦੀਪ ਕੌਰ**

ਇਸ ਬਾਰੇ ਅਮਨਦੀਪ ਕੌਰ ਕੱਦ ਗਿੱਲ (ਘਰੇਲੂ ਔਰਤ)ਨੇ ਕਿਹਾ ਕਿ ਗਰਮੀ ਦੇ ਦਿਨਾਂ ਵਿੱਚ ਮਿੱਟੀ ਦੇ ਘੜੇ ਦਾ ਪਾਣੀ ਸਭ ਤੋਂ ਵਧੀਆ ਅਤੇ ਕੁਦਰਤੀ ਵਿਕਲਪ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਘੜੇ ਦਾ ਪਾਣੀ ਪੀਣ ਨਾਲ ਸਰੀਰ ਨੂੰ ਤੁਰੰਤ ਠੰਡਕ ਮਿਲਦੀ ਹੈ ਅਤੇ ਦਿਨ ਭਰ ਤਾਜ਼ਗੀ ਮਹਿਸੂਸ ਹੁੰਦੀ ਹੈ। ਉਨ੍ਹਾਂ ਕਿਹਾ ਕਿ ਇਹ ਪਾਣੀ ਸਵਾਦ ਵਿੱਚ ਵੀ ਵਧੀਆ ਹੁੰਦਾ ਹੈ ਅਤੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਹਰ ਕਿਸੇ ਲਈ ਫਾਇਦੇਮੰਦ ਹੈ। ਬਿਜਲੀ ਕੱਟਾਂ ਦੇ ਸਮੇਂ ਵਿੱਚ ਘੜਾ ਸਭ ਤੋਂ ਵੱਡਾ ਸਹਾਰਾ ਬਣਦਾ ਹੈ, ਕਿਉਂਕਿ ਇਸ ਵਿੱਚ ਬਿਨਾਂ ਬਿਜਲੀ ਦੇ ਹੀ ਪਾਣੀ ਠੰਡਾ ਰਹਿੰਦਾ ਹੈ ਅਤੇ ਘਰੇਲੂ ਵਰਤੋਂ ਲਈ ਸਭ ਤੋਂ ਸਸਤਾ ਤੇ ਆਸਾਨ ਹੱਲ ਹੈ।

## ਬੰਗਲੌਰ ਤੋਂ ਸਿਕਲੀਗਰ ਤੇ ਵਣਜਾਰੇ ਸਿੱਖਾਂ ਦਾ ਜਥਾ ਗੁਰਧਾਮਾਂ ਦੇ ਦਰਸ਼ਨਾਂ ਲਈ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪੁੱਜਾ



ਅੰਮ੍ਰਿਤਸਰ, ਚੋਹਲਾ ਸਾਹਿਬ 29 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਕਲੀਗਰ ਤੇ ਵਣਜਾਰੇ ਸਿੱਖਾਂ ਲਈ ਕਈ ਤਰ੍ਹਾਂ ਦੇ ਉਪਰਾਲੇ ਆਰੰਭੇ ਹੋਏ ਹਨ, ਜਿਸ ਤਹਿਤ ਜਿਥੇ ਇਨ੍ਹਾਂ ਦੇ ਬੱਚਿਆਂ ਦੀ ਫੀਸਾਂ ਦਾ ਪ੍ਰਬੰਧ ਕੀਤਾ ਗਿਆ ਹੈ, ਉਥੇ ਹੀ ਸਿਕਲੀਗਰ ਤੇ ਵਣਜਾਰੇ ਸਿੱਖਾਂ ਨੂੰ ਸਿੱਖ ਧਰਮ ਤੇ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਸਮੇਂ-ਸਮੇਂ ਜਥਿਆਂ ਦੇ ਰੂਪ ਵਿਚ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾਂ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ। ਇਸੇ ਤਹਿਤ ਅੱਜ ਗੁਰਦੁਆਰਾ ਸਿੰਘ ਸਭਾ ਬੰਗਲੌਰ ਤੇ ਕਰਨਾਟਕਾ ਸਿੱਖ ਵੈਲਫੇਅਰ ਸੁਸਾਇਟੀ ਵੱਲੋਂ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਇਕ ਜਥਾ ਸ. ਜਰਨੈਲ ਸਿੰਘ ਦੀ ਅਗਵਾਈ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਪੁੱਜਾ ਹੈ, ਜਿਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜੀ-ਆਇਆਂ ਕਿਹਾ। ਇਹ ਜਥਾ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਨ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁੱਜਾ ਹੈ।

ਇਸ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿਕਲੀਗਰ ਅਤੇ ਵਣਜਾਰੇ ਸਿੱਖ ਕੌਮ ਦਾ ਅਹਿਮ ਅੰਗ ਹਨ, ਜਿਨ੍ਹਾਂ ਦੀ ਭਲਾਈ ਲਈ ਸ਼੍ਰੋਮਣੀ ਕਮੇਟੀ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਿਕਲੀਗਰ ਤੇ ਵਣਜਾਰੇ ਸਿੱਖ ਬੱਚਿਆਂ ਨੂੰ ਸਵੈ-ਨਿਰਭਰ ਬਣਾਉਣ ਲਈ ਉਨ੍ਹਾਂ ਦੀਆਂ ਸਕੂਲ ਫੀਸਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ ਅਤੇ ਪਿਛਲੇ ਸਮੇਂ ਦੌਰਾਨ ਇਨ੍ਹਾਂ ਸਿੱਖ ਪਰਿਵਾਰਾਂ ਨੂੰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਉਣ ਦਾ ਵੀ ਫੈਸਲਾ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਸੇ ਤਹਿਤ 100 ਸ਼ਰਧਾਲੂਆਂ ਦਾ ਜਥਾ ਪੰਜਾਬ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾਂ ਲਈ ਪੁੱਜਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿਕਲੀਗਰ ਸਿੱਖਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਹਰ ਸੰਭਵ ਸਹਾਇਤਾ ਦੇਣ ਲਈ ਵਚਨਬਧ ਹੈ ਅਤੇ ਇਸ ਦਿਸ਼ਾ ਵਿਚ ਨਿਰੰਤਰ ਕਾਰਜ ਕੀਤੇ ਜਾਣਗੇ।

ਜਥੇ ਦੇ ਆਗੂ ਸ. ਜਰਨੈਲ ਸਿੰਘ ਨੇ ਸ਼੍ਰੋਮਣੀ ਕਮੇਟੀ ਵੱਲੋਂ ਦਿੱਤੇ ਗਏ ਮਾਣ-ਸਨਮਾਣ ਅਤੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਲਈ ਕੀਤੇ ਪ੍ਰਬੰਧਾਂ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦਾ ਧੰਨਵਾਦ ਕਰਦਿਆਂ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸ. ਸੁਰਜੀਤ ਸਿੰਘ ਭਿੱਟੇਵੱਡ, ਸ. ਗੁਰਮੀਤ ਸਿੰਘ ਬੂਹ, ਸ. ਅਵਤਾਰ ਸਿੰਘ ਵਣਵਾਲਾ, ਓਐਸਡੀ ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਇੰਜੀ: ਸੁਖਮਿੰਦਰ ਸਿੰਘ, ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਸ. ਬਿਜੈ ਸਿੰਘ, ਸ. ਪ੍ਰੀਤਪਾਲ ਸਿੰਘ, ਮੀਤ ਸਕੱਤਰ ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਗੁਰਨਾਮ ਸਿੰਘ, ਸ. ਜਸਵਿੰਦਰ ਸਿੰਘ ਜੱਸੀ, ਸ. ਹਰਭਜਨ ਸਿੰਘ ਵਕਤਾ, ਕਰਨਾਟਕਾ ਤੋਂ ਪੁੱਜੇ ਪ੍ਰਧਾਨ ਸ. ਜਰਨੈਲ ਸਿੰਘ, ਮੀਤ ਪ੍ਰਧਾਨ ਸ. ਜੋਗਿੰਦਰ ਸਿੰਘ, ਜਰਨਲ ਸਕੱਤਰ ਸ. ਜਸਪਾਲ ਸਿੰਘ, ਸਕੱਤਰ ਸ. ਤੇਜਿੰਦਰਪਾਲ ਸਿੰਘ ਤੇ ਹੋਰ ਮੌਜੂਦ ਸਨ।

**Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ**
**9463661542, cee7news@gmail.com**

## ਛੱਤੀਸਗੜ੍ਹ ਵਿਚ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਗੁਰੂ ਗੋਬਿੰਦ ਸਿੰਘ ਖਾਲਸਾ ਪਬਲਿਕ ਸਕੂਲ ਰਾਏਪੁਰ ਵਿਖੇ ਗੁਰਮਤਿ ਸਮਾਗਮ ਹੋਇਆ



**ਚੋਹਲਾ ਸਾਹਿਬ 29 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਦੇ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਵੱਲੋਂ ਰਾਏਪੁਰ (ਛੱਤੀਸਗੜ੍ਹ) ਵਿਖੇ ਲੰਮੇ ਸਮੇਂ ਤੋਂ ਸੇਵਾ ਕਾਰਜ ਜਾਰੀ ਹਨ। ਸੰਪਰਦਾਇ ਦੇ ਪ੍ਰਬੰਧ ਅਧੀਨ ਗੁ. ਗੁਰਸਾਗਰ ਸਾਹਿਬ ਹੀਰਾਪੁਰ ਵਿਖੇ ਰਾਏਪੁਰ ਸ਼ਹਿਰ ਵਿੱਚ ਸਥਿਤ ਹੈ, ਜਿੱਥੇ ਬਾਬਾ ਜੀ ਵਲੋਂ ਕੁਝ ਸਮਾਂ ਪਹਿਲਾਂ ਨਵਾਂ ਦਰਬਾਰ ਹਾਲ ਬਣਾਇਆ ਗਿਆ। ਇਸ ਗੁਰਦੁਆਰਾ ਸਾਹਿਬ ਵਿੱਚ ਬੱਚਿਆਂ ਲਈ ਗੁਰਬਾਣੀ ਸੰਥਿਆ ਅਤੇ ਗਤਕਾ ਸਿਖਲਾਈ ਦਾ ਵਿਸ਼ੇਸ਼ ਪ੍ਰਬੰਧ ਹੈ ਅਤੇ ਗੁਰੂ ਕਾ ਲੰਗਰ 24 ਘੰਟੇ ਚਲਦਾ ਰਹਿੰਦਾ ਹੈ। ਬਾਬਾ ਜੀ ਵਲੋਂ ਰਾਏਪੁਰ ਵਿਚ ਗੁਰੂ ਗੋਬਿੰਦ ਸਿੰਘ ਖਾਲਸਾ ਪਬਲਿਕ ਸਕੂਲ ਦੀ ਸਥਾਪਨਾ ਸਾਲ 2013 ਵਿਚ ਕੀਤੀ ਗਈ ਸੀ, ਜੋ ਮਿਆਰੀ ਸਿੱਖਿਆ ਮੁਹੱਈਆ ਕਰਾਉਣ ਨਾਲ ਨਾਲ ਰਾਏਪੁਰ ਵਿੱਚ ਵਸੇ ਸਿੱਖ ਪਰਿਵਾਰਾਂ ਦੇ ਬੱਚਿਆਂ ਨੂੰ ਪੰਜਾਬੀ ਭਾਸ਼ਾ, ਗੁਰਬਾਣੀ ਅਤੇ ਸਿੱਖੀ ਨਾਲ ਜੋੜਨ ਦਾ ਇਕ ਵਸੀਲਾ ਬਣਿਆ ਹੈ। ਅੱਜ ਇਸ ਸਕੂਲ ਨਵੇਂ ਸੈਸ਼ਨ ਦੀ ਆਰੰਭਤਾ ਵੇਲੇ ਇਸ ਸਕੂਲ ਵਿੱਚ ਮਹਾਨ ਗੁਰਮਤਿ ਸਮਾਗਮ ਹੋਇਆ, ਜਿਸ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਤੋਂ ਉਪਰੰਤ ਕਥਾਵਾਚਕ ਗਿ. ਮੁਖਤਾਰ ਸਿੰਘ ਜਲੰਧਰ ਵਾਲਿਆਂ ਨੇ ਗੁਰਮਤਿ ਵਿਚਾਰ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸੰਪਰਦਾਇ ਦੇ ਮੌਜੂਦਾ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਨੇ ਕੀਰਤਨ ਰਾਹੀਂ ਹਾਜ਼ਰੀ ਭਰੀ। ਦੀਵਾਨ ਵਿੱਚ ਭਾਈ ਕਰਤਾਰ ਸਿੰਘ ਜੀ ਕਿਰਤੀ ਸਭਰਾਵਾਂ ਵਾਲਿਆਂ ਦੇ ਕਵੀਸ਼ਰੀ ਜਥੇ ਨੇ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਿਆ। ਇਥੇ ਖੂਨਦਾਨ ਕੈਂਪ ਵੀ ਲਗਾਇਆ ਗਿਆ, ਜਿਸ ਵਿਚ ਸੇਵਾਦਾਰਾਂ ਨੇ ਵਧ ਚੜ੍ਹ ਕੇ ਖੂਨਦਾਨ ਕੀਤਾ। ਇਸ ਮੌਕੇ ਰਾਏਪੁਰ, ਭਿਲਾਈ ਤੇ ਦੁਰਗ ਦੀਆਂ ਸਮੂਹ ਸਿੰਘ ਸਭਾਵਾਂ ਅਤੇ ਗੁਰਦੁਆਰਾ ਕਮੇਟੀਆਂ ਦੇ ਨੁਮਾਇੰਦਿਆਂ ਨੇ ਵੀ ਹਾਜ਼ਰੀ ਭਰੀ। ਸਮਾਗਮ ਦੌਰਾਨ ਸੰਗਤ ਵਿਚ ਸੁਖਚੈਨ ਸਿੰਘ ਕੰਗ, ਜਸਬੀਰ ਸਿੰਘ ਚਾਹਲ, ਹਰਪਾਲ ਸਿੰਘ, ਲਖਵਿੰਦਰ ਸਿੰਘ, ਮਨਿੰਦਰਜੀਤ ਸਿੰਘ, ਜਸਵੰਤ ਸਿੰਘ, ਲਖਵਿੰਦਰ ਸਿੰਘ, ਸਤਵਿੰਦਰ ਸਿੰਘ ਪ੍ਰਧਾਨ, ਪਲਵਿੰਦਰ ਸਿੰਘ ਪੰਨੂ, ਗਿਆਨੀ ਸੁਖਜਿੰਦਰ ਸਿੰਘ, ਸਕੱਤਰ ਸਿੰਘ, ਅਮਰੀਕ ਸਿੰਘ, ਸੰਤੋਖ ਸਿੰਘ, ਬਲਕਾਰ ਸਿੰਘ, ਬਾਬਾ ਹਰਜਿੰਦਰ ਸਿੰਘ, ਸੁਖਦੀਪ ਸਿੰਘ, ਦਇਆ ਸਿੰਘ ਅਤੇ ਹੋਰ ਕਈ ਸਤਿਕਾਰਤ ਹਸਤੀਆਂ ਹਾਜ਼ਰ ਸਨ।

# ਪੰਜਾਬੀ ਹਾਸਵਿਅੰਗ ਅਕਾਦਮੀ ਪੰਜਾਬ ਦਾ ਸਾਲਾਨਾ ਸਮਾਗਮ ਯਾਦਗਾਰੀ ਹੋ ਨਿੱਬੜਿਆ



**ਮੋਗਾ, ਅਪ੍ਰੈਲ ( ਜਸਵੀਰ ਸ਼ਰਮਾਂ ਦੱਦਾਹੂਰ) |**

ਪੰਜਾਬੀ ਹਾਸ ਵਿਅੰਗ ਅਕਾਦਮੀ ਪੰਜਾਬ ਵੱਲੋਂ ਪਿਆਰਾ ਸਿੰਘ ਦਾਤਾ ਯਾਦਗਾਰੀ ਸਲਾਨਾ ਸਮਾਗਮ ਐਸ ਡੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮੋਗਾ ਵਿਖੇ ਅਕਾਦਮੀ ਦੇ ਪ੍ਰਧਾਨ ਕੇ ਐਲ ਗਰਗ ਦੀ ਰਹਿਨੁਮਾਈ ਹੇਠ ਅਤੇ ਪਿਆਰਾ ਸਿੰਘ ਦਾਤਾ ਦੇ ਪਰਿਵਾਰਕ ਮੈਂਬਰਾਂ ਪਰਮਜੀਤ ਸਿੰਘ ਦਿੱਲੀ, ਸਤਿੰਦਰ ਸਿੰਘ ਰਿੰਕੂ ਦਿੱਲੀ ਦੇ ਸਹਿਯੋਗ ਨਾਲ ਕਰਵਾਇਆ ਗਿਆ ਜਿਸਦੇ ਪ੍ਰਧਾਨਗੀ ਮੰਡਲ ਵਿੱਚ ਪ੍ਰਧਾਨ ਕੇ ਐਲ ਗਰਗ, ਪ੍ਰਿੰਸੀਪਲ ਸੁਰੇਸ਼ ਕੁਮਾਰ ਬਾਂਸਲ, ਡਾ ਅਜੀਤਪਾਲ ਸਿੰਘ ਭਾਸ਼ਾ ਅਫ਼ਸਰ ਮੋਗਾ, ਕੁਲਦੀਪ ਸਿੰਘ ਬੇਦੀ, ਡਾ ਮੋਨੋਜੀਤ ਜੰਮੂ, ਮਨਧੀਰ ਕੌਰ ਮੰਨੂੰ ਕੈਨੇਡਾ, ਸਤਿੰਦਰ ਸਿੰਘ ਦਿੱਲੀ ਸੁਸ਼ੋਭਿਤ ਸਨ। ਸਮਾਗਮ ਦੀ ਸ਼ੁਰੂਆਤ ਸੇਮ ਘਾਰੂ ਗੱਜਣਵਾਲਾ ਦੇ ਖੂਬਸੂਰਤ ਪੇਸ਼ ਕੀਤੇ ਗਏ ਗੀਤ ਨਾਲ ਹੋਈ। ਮੰਚ ਸੰਚਾਲਕ ਕੰਵਲਜੀਤ ਭੋਲਾ ਲੰਡੇ ਅਤੇ ਪ੍ਰਧਾਨ ਕੇ ਐਲ ਗਰਗ ਵੱਲੋਂ ਪਿਆਰਾ ਸਿੰਘ ਦਾਤਾ ਦੀ ਸਾਹਿਤਕ ਜੀਵਨੀ ਅਤੇ ਅਕਾਦਮੀ ਦੀਆਂ ਪਿਛਲੀਆਂ ਸਰਗਰਮੀਆਂ ਬਾਰੇ ਵਿਚਾਰ ਸਾਂਝੇ ਕੀਤੇ ਗਏ ਅਤੇ ਪਹੁੰਚੀਆਂ ਹੋਈਆਂ ਪ੍ਰਮੁੱਖ ਸਖਸ਼ੀਅਤਾਂ ਨੂੰ ਜੀ ਆਇਆਂ ਆਖਿਆ ਗਿਆ। ਭਾਸ਼ਾ ਅਫ਼ਸਰ ਡਾ ਅਜੀਤਪਾਲ ਸਿੰਘ, ਡਾ ਸੁਰਜੀਤ ਬਰਾੜ, ਪ੍ਰਿੰਸੀਪਲ ਸੁਰੇਸ਼ ਕੁਮਾਰ, ਗੁਰਮੀਤ ਸਿੰਘ ਕੜਿਆਲਵੀ, ਮਨਧੀਰ ਕੌਰ ਮੰਨੂੰ, ਕੁਲਦੀਪ ਸਿੰਘ ਬੇਦੀ,ਮਾ ਬਿੱਕਰ ਸਿੰਘ ਭਲੂਰ, ਦਵਿੰਦਰ ਗਿੱਲ ਵੱਲੋਂ ਵਿਅੰਗ ਵਿਧਾ ਦੀ ਸਾਰਥਿਕਤਾ ਬਾਰੇ ਵਿਚਾਰ ਸਾਂਝੇ ਕੀਤੇ ਗਏ। ਪਿਆਰਾ ਸਿੰਘ ਦਾਤਾ ਦੇ ਪੋਤਰੇ ਸਤਿੰਦਰ ਸਿੰਘ ਦਿੱਲੀ ਵੱਲੋਂ ਦਾਤਾ ਜੀ ਨੂੰ ਨਮਨ ਕਰਦਿਆਂ ਉਨ੍ਹਾਂ ਦੀਆਂ ਸਾਹਿਤਕ ਸੇਵਾਵਾਂ ਬਾਰੇ ਰੋਸ਼ਨੀ ਪਾਈ ਗਈ ਅਤੇ ਅਕਾਦਮੀ ਵੱਲੋਂ ਹਰ ਸਾਲ ਨਿਰੰਤਰ ਕਰਵਾਏ ਜਾ ਰਹੇ ਇਸ ਸਮਾਗਮ ਦੀ ਪੁਰਜ਼ੋਰ ਸ਼ਬਦਾਂ ਵਿੱਚ ਸ਼ਲਾਘਾ ਕੀਤੀ ਗਈ। ਡਾ ਸਾਧੂ ਰਾਮ ਲੰਗੇਆਣਾ ਵੱਲੋਂ ਅੱਜ ਦੀਆਂ ਸਨਮਾਨਿਤ ਯੋਗ ਸਖ਼ਸ਼ੀਅਤਾਂ ਨਰਾਇਣ ਸਿੰਘ ਮੰਘੇੜਾ ਅਤੇ ਦੀਪ ਜੀਰਵੀ ਦੇ ਸਾਹਿਤਕ ਸਫ਼ਰ ਅਤੇ ਉਨ੍ਹਾਂ ਦੀਆਂ ਸਰਗਰਮੀਆਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਦੇ ਨਾਲ ਹੀ ਉਕਤ ਪ੍ਰਧਾਨਗੀ ਮੰਡਲ ਵੱਲੋਂ ਪਿਆਰਾ ਸਿੰਘ ਦਾਤਾ ਯਾਦਗਾਰੀ 20ਵਾਂ ਪੁਰਸਕਾਰ ਵਿਅੰਗਕਾਰ ਨਰਾਇਣ ਸਿੰਘ ਮੰਘੇੜਾ ਅਤੇ ਵਿਅੰਗ ਸ਼ਾਇਰ ਦੀਪ ਜੀਰਵੀ ਨੂੰ ਭੇਂਟ ਕਰਦਿਆਂ ਲੋਈਆਂ, ਸਨਮਾਨ ਚਿੰਨ੍ਹ ਅਤੇ ਨਕਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਅਕਾਦਮੀ ਵੱਲੋਂ ਮੋਗਾ ਦੇ ਜੰਮਪਲ ਜੋਧ ਸਿੰਘ ਮੋਗਾ ਦੀ ਨਵ ਪ੍ਰਕਾਸ਼ਿਤ ਪੁਸਤਕ " ਨਿੱਕੀਆਂ ਨਿੱਕੀਆਂ ਗੱਲਾਂ", ਜਸਵੀਰ ਸਿੰਘ ਭਲੂਰੀਆ ਦੀ ਪੁਸਤਕ "ਜਸਵੀਰ ਦੇ ਵਿਅੰਗ ਤੀਰ" ਡਾ ਐਮ ਆਰ ਗੋਇਲ ਦੀ ਪੁਸਤਕ" ਨੀਲੀਆਂ ਅੱਖਾਂ", ਮੰਗਤ ਕੁਲਜਿੰਦ ਅਤੇ ਸੁਖਦਰਸ਼ਨ ਗਰਗ ਵੱਲੋਂ ਸੰਪਾਦਿਤ ਪੁਸਤਕ "ਲੱਡੂ ਮੋਤੀ ਚੂਰ ਦੇ" ਮੰਗਤ ਕੁਲਜਿੰਦ ਦਾ ਮੈਗਜ਼ੀਨ "ਸ਼ਬਦ ਤ੍ਰਿੰਝਣ" ਦੀ ਘੁੰਡ ਚੁਕਾਈ ਕੀਤੀ ਗਈ। ਇਸ ਦੇ ਨਾਲ ਹੀ ਪ੍ਰਧਾਨ ਕੇ ਐਲ ਗਰਗ ਵੱਲੋਂ ਲੋਕ ਅਰਪਣ ਹੋਈਆਂ ਕਿਤਾਬਾਂ ਅਤੇ ਕਿਤਾਬਾਂ ਦੇ ਲੇਖਕਾਂ ਬਾਰੇ ਸੰਖੇਪ ਰੂਪ ਵਿਚ ਜਾਣਕਾਰੀ ਦਿੱਤੀ ਗਈ। ਜੋਧ ਸਿੰਘ ਮੋਗਾ ਵੱਲੋਂ ਆਪਣੇ ਹੱਥੀਂ ਪੇਂਟਿੰਗ ਕੀਤੀਆਂ ਗਈਆਂ ਤਸਵੀਰਾਂ ਵੱਖ ਵੱਖ ਲੇਖਕਾਂ ਨੂੰ ਭੇਂਟ ਕੀਤੀਆਂ ਗਈਆਂ। ਉਪਰੰਤ ਹੋਏ ਕਵੀ ਦਰਬਾਰ ਵਿਚ ਗੁਰਸੇਵਕ ਸਿੰਘ ਬੀੜ ਅਤੇ ਹਰਵਿੰਦਰ ਸਿੰਘ ਰੋਡੇ ਵੱਲੋਂ ਕਵਿਸ਼ਰੀ, ਸੁਖਦਰਸ਼ਨ ਗਰਗ ਬਠਿੰਡਾ, ਰਾਮੇਸ਼ ਕੁਮਾਰ ਗਰਗ ਬਠਿੰਡਾ, ਮਾਹੀ ਮਰਜਾਣਾ, ਸੇਵਕ ਸ਼ਮੀਰੀਆ, ਸੋਨੀ ਮੋਗਾ, ਜੰਗੀਰ ਸਿੰਘ ਖੋਖਰ, ਬਲਵੰਤ ਰਾਏ ਗੋਇਲ, ਕੰਵਲਜੀਤ ਭੋਲਾ ਲੰਡੇ, ਸੁਖਚੈਨ ਸਿੰਘ ਠੱਠੀ ਭਾਈ, ਡਾ ਸਾਧੂ ਰਾਮ ਲੰਗੇਆਣਾ, ਜਗਦੀਸ਼ ਪ੍ਰੀਤਮ, ਜਸਵੀਰ ਸ਼ਰਮਾਂ ਦੱਦਾਹੂਰ, ਦਵਿੰਦਰ ਸਿੰਘ ਗਿੱਲ, ਸਰਬਜੀਤ ਕੌਰ ਮਾਹਲਾ, ਕੁਲਦੀਪ ਕੌਰ ਮਾਹਲਾ, ਸਤੀਸ਼ ਧਵਨ ਭਲੂਰ,ਰਾਵਿੰਦਰ ਕੌਰ,ਕਰਨਲ ਬਾਬੂ ਸਿੰਘ, ਸ਼ਮਿੰਦਰ ਸਿੰਘ ਸਿੱਧੂ, ਦਰਸ਼ਨ ਸਿੰਘ ਸੰਘਾ, ਬਲਜੀਤ ਸਿੰਘ ਰੈਨਾ, ਦੇਵਿੰਦਰ ਸਿੰਘ, ਹਰਦਿਆਲ ਸਿੰਘ ਧਨੇਟਾ,ਅਵਤਾਰ ਸਿੰਘ ਸਮਾਲਸਰ,ਗੁਰਮੇਲ ਸਿੰਘ ਬੌਡੇ, ਅਵਤਾਰ ਸਿੰਘ ਕਰੀਰ, ਗਿਆਨ ਸਿੰਘ ਸਾਬਕਾ ਡੀ ਪੀ ਆਰ ਓ , ਜੋਗਿੰਦਰ ਸਿੰਘ ਲੋਹਾਮ, ਨਰਿੰਦਰ ਰੋਹੀ, ਭੁਪਿੰਦਰ ਸਿੰਘ ਜੋਗੇਵਾਲਾ, ਨਵਨੀਤ ਸਿੰਘ ਸੇਖਾ, ਰਘਬੀਰ ਸਿੰਘ ਲੰਗੇਆਣਾ, ਹਰਪ੍ਰੀਤ ਸਿੰਘ ਮੋਗਾ ਵੱਲੋਂ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਗਈਆਂ। ਉਕਤ ਜਾਣਕਾਰੀ ਅਕਾਦਮੀ ਦੇ ਪ੍ਰੈਸ ਸਕੱਤਰ ਡਾ ਸਾਧੂ ਰਾਮ ਲੰਗੇਆਣਾ ਵੱਲੋਂ ਜਾਰੀ ਕੀਤੀ ਗਈ ਹੈ।




# ਨਸ਼ਿਆਂ ਦੇ ਮਾਰੂ ਪ੍ਰਭਾਵ ਤੋਂ ਵਿਦਿਆਰਥੀਆਂ ਨੂੰ ਸੁਚੇਤ ਕਰਨ ਲਈ ਭਾਸ਼ਣ ਪ੍ਰਤੀਯੋਗਿਤਾ ਕਰਵਾਈ




**ਚੋਹਲਾ ਸਾਹਿਬ 29 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਐਮ.ਐਸ.ਐਮ. ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਧੁੰਨ ਰੋੜ ਚੋਹਲਾ ਸਾਹਿਬ ਵਿਚ ਨੌਜਵਾਨ ਪੀੜੀ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵ ਤੋਂ ਜਾਣੂ ਕਰਵਾਉਣ ਲਈ ਭਾਸ਼ਣ ਮੁਕਾਬਲਾ ਕਰਵਾਇਆ ਗਿਆ । ਜਿਸ ਵਿਚ ਛੇਂਵੀ ਤੋਂ ਬਾਰਵੀਂ ਕਲਾਸ ਦੇ ਵਿਦਿਆਰਥੀਆਂ ਨੇ ਭਾਗ ਲਿਆ । ਇਹ ਮੁਕਾਬਲਾ ਚਾਰ ਹਾਊਸਾਂ ਦੇ ਵਿਚਕਾਰ ਕਰਵਾਇਆ ਗਿਆ ਜਿਸ ਵਿਚ ਵਿਦਿਆਰਥੀਆਂ —ਨੇ ਨਸ਼ਿਆਂ ਦੇ ਕਾਰਨ ਉਸ ਨੂੰ ਰੋਕਣ ਦੇ ਉਪਾਅ ਤੇ ਆਪਣੇ ਵਿਚਾਰ ਪੇਸ਼ ਕੀਤੇ ।ਨਸ਼ਿਆਂ ਦੇ ਵਿਚ ਫਸੇ ਨੌਜਵਾਨ ਕਿਸ ਤਰ੍ਹਾਂ ਆਪਣੇ ਪਰਿਵਾਰ ਅਤੇ ਪੂਰੇ ਸਮਾਜ ਨੂੰ ਪ੍ਰਭਾਵਿਤ ਕਰਦੇ ਹਨ ਤੇ ਇਹ ਇਕ ਅਜਿਹਾ ਰੋਗ ਹੈ ਜੋ ਮਨੁੱਖ ਦੀ ਸਿਹਤ, ਸੋਚ ਅਤੇ ਜੀਵਨ ਨੂੰ ਹੌਲੇ — ਹੌਲੇ ਖਤਮ ਕਰ ਸਕਦਾ ਹੈ । ਇਸ ਵਿਚ ਵਿਦਿਆਰਥੀਆਂ ਨੇ ਦੱਸਿਆ ਕਿ ਨਸ਼ੇ ਸਰੀਰ, ਦਿਮਾਗ ਅਤੇ ਜ਼ਿੰਦਗੀ ਲਈ ਜਾਨਲੇਵਾ ਹੋ ਸਕਦੇ ਹਨ ।ਇਸ ਸਮੇਂ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਪ੍ਰਿੰਸੀਪਲ ਰਾਕੇਸ਼ ਕੁਮਾਰ ਨੇ ਕਿਹਾ ਕਿ ਨਸ਼ੇ ਜਿੱਥੇ ਸਾਡੇ ਸਰੀਰ ਦਾ ਭਾਰੀ ਨੁਕਸਾਨ ਕਰਦੇ ਹਨ ਉੱਥੇ ਸਾਡਾ ਦਿਮਗੀ ਸੰਤੁਲਨ ਵੀ ਖਰਾਬ ਕਰ ਦਿੰਦੇ ਹਨ ਜਿਸ ਨਾਲ ਚੰਗੇ ਬੁਰੇ ਨੂੰ ਸਮਝਣ ਦੀ ਸੋਝੀ ਸਾਡੇ ਵਿੱਚੋਂ ਖਤਮ ਹੋ ਜਾਂਦੀ ਹੈ ਅਤੇ ਨਸ਼ਾ ਕਰਨ ਵਾਲਾ ਵਿਅਕਤੀ ਅਪਰਾਧੀ ਬਣਕੇ ਸਮਾਜ ਵਿਰੋਧੀ ਕੰਮ ਕਰਦਾ ਹੈ। ਨਸਾ ਕਰਨ ਵਾਲਾ ਵਿਅਕਤੀ ਆਪਣੇ ਪਰਿਵਾਰ ਦੀ ਜਿੰਦਗੀ ਵੀ ਖਰਾਬ ਕਰਦਾ ਹੈ ਅਤੇ ਆਲੇ ਦੁਆਲੇ ਵੀ ਬੁਰੇ ਪ੍ਰਭਾਵ ਪੈਦਾ ਕਰਦਾ ਹੈ।ਉਹਨਾਂ ਕਿਹਾ ਕਿ ਸਾਨੂੰ ਨਸ਼ਿਆਂ ਵਰਗੀ ਭਿਆਨਕ ਬਿਮਾਰੀ ਤੋਂ ਦੂਰ ਰਹਿਣਾ ਚਾਹੀਦਾ ਹੈ ਅਤੇ ਸਾਨੂੰ ਹਰ ਰੋਜ਼ ਚੰਗੀ ਖੁਰਾਕ ਖਾਕੇ ਕਸਰਤ ਕਰਦੇ ਰਹਿਣਾ ਚਾਹੀਦਾ ਹੈ ਜਿਸ ਨਾਲ ਸਾਡਾ ਸਰੀਰ ਭਿਆਨਕ ਬਿਮਾਰੀਆਂ ਤੋਂ ਬਚਿਆ ਰਹਿੰਦਾ ਹੈ। ਇਸ ਤਰ੍ਹਾਂ ਇਹਨਾਂ ਮੁਕਾਬਲਿਆਂ ਵਿਚ ਪਹਿਲੀ ਪੁਜ਼ੀਸ਼ਨ ਸ਼ਹੀਦ ਊਧਮ ਸਿੰਘ ਹਾਊਸ ਨੇ ਪ੍ਰਾਪਤ ਕੀਤੀ, ਦੂਸਰੀ ਪੁਜ਼ੀਸ਼ਨ ਮਦਰ ਟਰੇਸਾ ਹਾਊਸ ਨੇ ਅਤੇ ਤੀਸਰੀ ਪੁਜ਼ੀਸ਼ਨ ਭਗਤ ਪੂਰਨ ਸਿੰਘ ਹਾਊਸ ਨੇ ਹਾਸਿਲ ਕੀਤੀ । ਇਸ ਮੌਕੇ ਤੇ ਚੇਅਰਮੈਨ ਡਾ. ਉਪਕਾਰ ਸਿੰਘ ਸੰਧੂ, ਪ੍ਰਿੰਸੀਪਲ ਰਾਕੇਸ਼ ਕੁਮਾਰ ਹਾਜ਼ਰ ਸਨ ।

# ਲੁਧਿਆਣਾ ਵਿੱਚ ਹੇਟਿਕ ਐਕਸਕਲੂਸਿਵ ਸਟੋਰ ਲਾਂਚ




**ਲੁਧਿਆਣਾ ਚੋਹਲਾ ਸਾਹਿਬ 29 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਲੁਧਿਆਣਾ: ਹੇਟਿਕ ਇੰਡੀਆ ਨੇ ਲੁਧਿਆਣਾ ਵਿੱਚ ਆਪਣੇ ਹੇਟਿਕ ਐਕਸਕਲੂਸਿਵ ਸਟੋਰ ਦੀ ਸ਼ੁਰੂਆਤ ਨਾਲ ਉੱਤਰੀ ਭਾਰਤ ਵਿੱਚ ਆਪਣੀ ਅਨੁਭਵੀ ਮੌਜੂਦਗੀ ਦਾ ਵਿਸਤਾਰ ਕੀਤਾ ਹੈ। ਇਹ ਨਵਾਂ ਸਟੋਰ ਹੇਟਿਕ ਦੇ ਅਨੁਭਵੀ ਸੰਪਰਕ ਬਿੰਦੂਆਂ ਦੇ ਨੈੱਟਵਰਕ ਨੂੰ ਮਜ਼ਬੂਤ ਕਰਦਾ ਹੈ ਅਤੇ ਗਾਹਕਾਂ ਨੂੰ ਨਵੀਨਤਾਕਾਰੀ ਜਰਮਨ ਫਰਨੀਚਰ ਫਿਟਿੰਗਾਂ ਅਤੇ ਜਾਦੂਈ ਹੱਲਾਂ ਦੀ ਪੜਚੋਲ ਕਰਨ ਅਤੇ ਉਹਨਾਂ ਨਾਲ ਜੁੜਨ ਲਈ ਇੱਕ ਇਮਰਸਿਵ ਜਗ੍ਹਾ ਪ੍ਰਦਾਨ ਕਰਦਾ ਹੈ। ਹੇਟਿਕ ਲੁਧਿਆਣਾ ਸਟੋਰ ਇੱਕ ਏਕੀਕ੍ਰਿਤ ਹੱਲ ਖਰੀਦਦਾਰੀ ਅਨੁਭਵ ਪ੍ਰਦਾਨ ਕਰਦਾ ਹੈ, ਜਿਸ ਵਿੱਚ ਜਰਮਨ ਫਰਨੀਚਰ ਫਿਟਿੰਗਾਂ, ਆਰਕੀਟੈਕਚਰਲ ਦਰਵਾਜ਼ੇ ਦੇ ਹਾਰਡਵੇਅਰ, ਫਰਨੀਚਰ ਲਾਈਟਿੰਗ ਅਤੇ ਬਿਲਟ-ਇਨ ਰਸੋਈ ਉਪਕਰਣਾਂ ਨਾਲ ਲੈਸ ਆਧੁਨਿਕ ਫਰਨੀਚਰ ਦੇ ਸੁਚਾਰੂ ਵਾਕ-ਥਰੂ ਸ਼ਾਮਲ ਹਨ। ਗਾਹਕ ਮੁਫ਼ਤ ਡਿਜ਼ਾਈਨ ਸੇਵਾਵਾਂ ਦਾ ਵੀ ਲਾਭ ਉਠਾ ਸਕਦੇ ਹਨ, ਜਿੱਥੇ ਪੇਸ਼ੇਵਰ ਡਿਜ਼ਾਈਨਰ ਰਹਿਣ ਵਾਲੀਆਂ ਥਾਵਾਂ ਲਈ ਫਰਨੀਚਰ ਦੀ ਕਲਪਨਾ ਅਤੇ ਡਿਜ਼ਾਈਨ ਕਰਨ ਵਿੱਚ ਮਦਦ ਕਰਦੇ ਹਨ। ਹੇਟਿਕ ਇੰਡੀਆ ਦੇ ਸੇਲਜ਼ ਡਾਇਰੈਕਟਰ ਰਾਹੁਲ ਠੱਕਰ ਨੇ ਕਿਹਾ, "ਨਵਾਂ ਹੇਕਸ ਸਟੋਰ ਜਰਮਨ ਨਵੀਨਤਾ ਨੂੰ ਗਾਹਕਾਂ ਦੇ ਨੇੜੇ ਲਿਆਉਂਦਾ ਹੈ, ਉਹਨਾਂ ਨੂੰ ਇੱਕ ਅਨੁਭਵੀ ਅਤੇ ਲਾਈਵ ਵਾਤਾਵਰਣ ਵਿੱਚ ਸਾਡੇ ਸ਼ਾਨਦਾਰ ਹੱਲਾਂ ਨੂੰ ਦੇਖਣ ਅਤੇ ਅਨੁਭਵ ਕਰਨ ਦਾ ਮੌਕਾ ਦਿੰਦਾ ਹੈ।

